ਸਿੱਖ ਕੌਮ ਅਤੇ ਪੰਜਾਬੀਅਤ ਦਾ ਪਹਿਰੇਦਾਰ

# ਆਵਾਜ਼ਿ ਕੌਮ

www.awazeqaumtv.com

Also On

Visit on facebook

https://www.facebook.com/awazeqaumtv/videos/1948995821245311/

Awaze Qaum

(ਯੂ. ਕੇ. ਤੋਂ ਪ੍ਰਕਾਸ਼ਿਤ)

YouTube https://youtu.be/LQwolgxDu7I

International Daily Newspaper & WEB TV

awazeqaumtvpunjab@gmail.com

ਮੰਗਲਵਾਰ, 13 ਮਈ 2025 (ਨਾਨਕਸ਼ਾਹੀ ਸੰਮਤ : ੫੫੭, ੩੧ ਵੇਸਾਖ) ਸੰਪਾਦਕ : ਰਘਵੀਰ ਸਿੰਘ ਵਾਲਸਾਲ ਯੂ.ਕੇ., ਸੰਪਰਕ : +447458381111,+447976210161,+919729091243



ਸਿੱਖ ਕੌਮ ਅਤੇ ਪੰਜਾਬੀਅਤ ਦਾ ਪਹਿਰੇਦਾਰ

# ਆਵਾਜ਼ਿ ਕੌਮ

Awaze Qaum

(ਯੂ. ਕੇ. ਤੋਂ ਪ੍ਰਕਾਸ਼ਿਤ)

International Daily Newspaper & WEB TV

www.awazeqaumtv.com

Also On

Visit on facebook

https://www.facebook.com/awazeqaumtv/videos/194899582124531/

https://youtu.be/LQwolgxDu7I

awazeqaumtvpunjab@gmail.com

ਮੰਗਲਵਾਰ, 13 ਮਈ 2025 (ਨਾਨਕਸ਼ਾਹੀ ਸੰਮਤ : ੫੫੭, ੩੧ ਵੈਸਾਖ) ਸੰਪਾਦਕ : ਰਘਵੀਰ ਸਿੰਘ ਵਾਲਸਾਲ ਯੂ.ਕੇ., ਸੰਪਰਕ : +447458381111,+447976210161,+919729091243

## ਪ੍ਰਧਾਨ ਮੰਤਰੀ ਮੋਦੀ ਦੀ ਪਾਕਿਸਤਾਨ ਨੂੰ ਸਿੱਧੀ ਚਿਤਾਵਨੀ !

# ‘ਟੈਰਰ ਤੇ ਟਾਕ ਇਕੱਠੇ ਨਹੀਂ ਚੱਲ ਸਕਦੇ’

**ਨਵੀਂ ਦਿੱਲੀ, 12 ਮਈ (ਆਵਾਜ਼ਿ ਕੌਮ ਬਿਊਰੋ)**-ਦੇਸ਼ ਦੇ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਭਾਰਤ ਪਾਕਿਸਤਾਨ ਦੇ ਸੀਜ਼ਫਾਇਰ ਦੇ ਐਲਾਨ ਤੋਂ ਬਾਅਦ ਲਾਈਵ ਆ ਗਏ ਹਨ। ਇਸ ਦੌਰਾਨ ਪ੍ਰਧਾਨ ਮੰਤਰੀ ਦੇਸ਼ ਲਈ ਵੱਡੇ ਐਲਾਨ ਕਰ ਰਹੇ ਹਨ। ਉਨ੍ਹਾਂ ਕਿਹਾ ਕਿ ਮੈਂ ਭਾਰਤੀ ਫੌਜ ਨੂੰ ਸਲਾਮ ਕਰਦਾ ਹਾਂ। ਸਾਰਾ ਭਾਰਤ ਅੱਤਵਾਦ ਦੇ ਖਿਲਾਫ ਖੜਾ ਹੋ ਗਿਆ ਹੈ। ਦੁਸ਼ਮਣ ਨੂੰ ਪਤਾ ਲੱਗ ਗਿਆ ਹੈ ਕਿ ਸਾਡੀਆਂ ਭੈਣਾਂ ਦੇ ਸਿਰ ਤੋਂ ਸਿੰਦੂਰ ਹਟਾਉਣ ਦਾ ਅੰਜਾਮ ਕੀ ਹੋਵੇਗਾ। ਭਾਰਤ ਨੇ ਸਿੰਦੂਰ ਦੀ ਕੀਮਤ ਵਸੂਲੀ ਹੈ। ਆਪ੍ਰੇਸ਼ਨ ਸਿੰਦੂਰ ਨਿਆਂ ਦੀ ਪ੍ਰਤਿਗਿਆ ਹੈ। 6 ਮਈ ਦੀ ਰਾਤ ਤੇ 7 ਮਈ ਦੀ ਸਵੇਰ ਪੂਰੀ ਦੁਨੀਆ ਨੇ ਇਸ ਨੂੰ ਨਤੀਜਿਆਂ ਵੱਜੋਂ ਦੇਖਿਆ। ਭਾਰਤ ਦੀਆਂ ਫੌਜਾਂ ਨੇ ਪਾਕਿਸਤਾਨ ਵਿਚ ਅੱਤਵਾਦ ਦੇ ਟਿਕਾਣਿਆਂ ਉੱਤੇ ਸਟੀਕ ਹਮਲੇ ਕੀਤੇ। ਅੱਤਵਾਦੀਆਂ ਨੇ ਸਪਨੇ ਵਿਚ ਵੀ ਨਹੀਂ ਸੋਚਿਆ ਸੀ ਕਿ ਭਾਰਤ ਅਜਿਹਾ ਕਰੇਗਾ। ਪਰ ਜਦੋਂ ਦੇਸ਼ ਇਕਜੁੱਟ ਹੁੰਦਾ ਹੈ ਤਾਂ ਰਾਸ਼ਟਰ ਸਭ ਤੋਂ ਉੱਪਰ ਹੁੰਦਾ ਹੈ ਤਾਂ ਅਜਿਹੇ ਫੈਸਲੇ ਲਏ ਜਾਂਦੇ ਹਨ। ਜਦੋਂ ਪਾਕਿਸਤਾਨ ਵਿਚ ਅੱਤਵਾਦ ਦੇ ਅੱਡਿਆਂ ਉਤੇ ਭਾਰਤੀ ਮਿਜ਼ਾਇਲਾਂ ਨੇ ਹਮਲਾਂ ਬੋਲਿਆ ਤਾਂ ਅੱਤਵਾਦੀਆਂ ਦਾ ਹੌਂਸਲਾ ਡਗਮਗਾ ਗਿਆ। ਪਾਕਿਸਤਾਨ ਨੇ ਅੱਤਵਾਦ ਦਾ ਵਿਰੋਧ ਕਰਨ ਦੀ ਬਜਾਏ ਅੱਤਵਾਦ ਦਾ ਸਾਥ ਦੇਣਾ ਸ਼ੁਰੂ ਕਰ ਦਿੱਤਾ। ਪਾਕਿਸਤਾਨ ਨੇ ਭਾਰਤੀ ਘਰਾਂ ਨੂੰ ਨਿਸ਼ਾਨਾ ਬਣਾਇਆ। ਉਸ ਨੇ ਸਾਡੇ ਫੌਜੀ ਟਿਕਾਣਿਆਂ ਨੂੰ ਨਿਸ਼ਾਨਾ ਬਣਾਇਆ। ਪਾਕਿਸਤਾਨ ਖੁਦ ਬੇਨਕਾਬ ਹੋ ਗਿਆ। ਦੁਨੀਆ ਨੇ ਦੇਖਿਆ ਪਾਕਿਸਤਾਨ ਦੇ ਡਰੋਨ ਤੇ ਮਿਜ਼ਾਇਲਾਂ ਭਾਰਤ ਦੇ ਸਾਹਮਣੇ ਤਿਨਕੇ ਵਾਂਗ ਬਿਖਰ ਗਏ। ਭਾਰਤ ਨੇ ਪਾਕਿਸਤਾਨ ਦੇ ਸੀਨੇ ਉੱਤੇ ਵਾਰ ਕੀਤਾ ਹੈ। ਭਾਰਤ ਦੇ ਡਰੋਨ ਤੇ ਮਿਜ਼ਾਈਲਾਂ ਨੇ ਸਟੀਕਦਾ ਦੇ ਨਾਲ ਹਮਲਾ ਕੀਤਾ। ਭਾਰਤੀ ਏਅਰਬੇਸ ਨੂੰ ਨੁਕਸਾਨ ਪਹੁੰਚਾਇਆ ਗਿਆ, ਜਿਸ ਉੱਤੇ ਪਾਕਿਸਤਾਨ ਨੂੰ ਘਮੰਡ ਸੀ। ਪਾਕਿਸਤਾਨ ਨੂੰ ਕਦੇ ਵੀ ਇਸ ਦਾ ਅੰਦਾਜ਼ਾ ਨਹੀਂ ਸੀ। ਪਾਕਿਸਤਾਨ ਦੁਨੀਆ ਭਰ ਵਿਚ ਅੱਤਵਾਦ ਖਤਮ ਕਰਨ ਦੀ ਅਪੀਲ ਕਰ ਰਿਹਾ ਸੀ। ਪਰ 10 ਮਈ ਦੀ ਦੁਪਹਿਰੇ ਪਾਕਿਸਤਾਨੀ ਫੌਜ ਨੇ ਸਾਡੇ ਡੀਜੀਐੱਮਓ ਨੂੰ ਸੰਪਰਕ ਕੀਤਾ ਪਰ ਉਦੋਂ ਤਕ ਅਸੀ ਸਾਰੀ ਕਾਰਵਾਈ ਪਾ ਦਿੱਤੀ ਹੈ। ਪਾਕਿਸਤਾਨ ਦੇ ਕਈ ਅੱਤਵਾਦੀ ਟਿਕਾਣਿਆਂ ਨੂੰ ਅਸੀਂ ਖੰਡਰ ਬਣਾ ਦਿੱਤਾ। ਜਦੋਂ ਪਾਕਿਸਤਾਨ ਵੱਲੋਂ ਕਿਹਾ ਗਿਆ ਕਿ ਪਾਕਿਸਤਾਨ ਵੱਲੋਂ ਅੱਗੇ ਤੋਂ ਅਜਿਹਾ ਨਹੀਂ ਕੀਤਾ ਜਾਵੇਗਾ ਤਾਂ ਭਾਰਤ ਨੇ ਇਸ ਉੱਤੇ ਵਿਚਾਰ ਕੀਤਾ। ਅਸੀਂ ਆਪਣੀ ਕਾਰਵਾਈ ਸਿਰਫ ਟਾਲੀ ਹੈ। ਅਸੀਂ ਅਗਲੀ ਕਾਰਵਾਈ ਤੋਂ ਬਾਅਦ ਹੀ ਫੈਸਲਾ ਲਵਾਂਗੇ।






## ਪਾਣੀਆਂ ਦੇ ਮੁੱਦੇ ਨੂੰ ਲੈ ਕੇ ਮੁੜ ਅਦਾਲਤ ਗਈ ਪੰਜਾਬ ਸਰਕਾਰ, 6 ਮਈ ਦੇ ਫ਼ੈਸਲੇ ਨੂੰ ਦੱਸਿਆ ਗ਼ਲਤ

**ਚੰਡੀਗੜ੍ਹ, 12 ਮਈ (ਆਵਾਜ਼ਿ ਕੌਮ ਬਿਊਰੋ)**-ਪੰਜਾਬ ਤੇ ਹਰਿਆਣਾ ਹਾਈਕੋਰਟ ਵਿੱਚ ਮੁੜ ਵਿਚਾਰ ਕਰਨ ਲਈ ਪਟੀਸ਼ਨ ਦਾਇਰ ਕੀਤੀ ਹੈ। ਇਸ ਵਿੱਚ 6 ਮਈ ਦੇ ਆਦੇਸ਼ ਨੂੰ ਗ਼ਲਤ ਦੱਸਿਆ ਗਿਆ ਹੈ। ਇਸ ਮੌਕੇ ਪੰਜਾਬ ਸਰਕਾਰ ਵੱਲੋਂ ਕਿਹਾ ਗਿਆ ਹੈ ਕਿ ਕੇਂਦਰ ਦੀ ਭਾਰਤੀ ਜਨਤਾ ਪਾਰਟੀ ਦੀ ਸਰਕਾਰ ਦੇ ਇਸ਼ਾਰੇ ਉੱਤੇ ਬੀਬੀਐਮਬੀ ਵੱਲੋਂ ਗ਼ੈਰ ਕਾਨੂੰਨੀ ਤਰੀਕੇ ਨਾਲ ਪੰਜਾਬ ਦਾ ਪਾਣੀ ਖੋਹਣ ਦੀ ਕੋਸ਼ਿਸ਼ ਕੀਤੀ ਜਾ ਰਹੀ ਹੈ। ਬੀਬੀਐਮਬੀ ਦੇ ਮੁੱਦੇ ਨੂੰ ਲੈ ਕੇ ਪੰਜਾਬ ਸਰਕਾਰ ਨੇ ਹੁਣ ਹਰਿਆਣਾ ਤੇ ਕੇਂਦਰ ਸਰਕਾਰ ਨਾਲ ਟੱਕਰ ਲੈ ਰਹੀ ਹੈ। ਇਸ ਨੂੰ ਲੈ ਕੇ ਪੰਜਾਬ ਸਰਕਾਰ ਮੁੜ ਤੋਂ ਐਕਸ਼ਨ ਵਿੱਚ ਆ ਗਈ ਹੈ। ਇਸ ਦੌਰਾਨ ਪੰਜਾਬ ਤੇ ਹਰਿਆਣਾ ਹਾਈਕੋਰਟ ਵਿੱਚ ਮੁੜ ਵਿਚਾਰ ਕਰਨ ਲਈ ਪਟੀਸ਼ਨ ਦਾਇਰ ਕੀਤੀ ਹੈ। ਇਸ ਵਿੱਚ 6 ਮਈ ਦੇ ਆਦੇਸ਼ ਨੂੰ ਗ਼ਲਤ ਦੱਸਿਆ ਗਿਆ ਹੈ। ਇਸ ਮੌਕੇ ਪੰਜਾਬ ਸਰਕਾਰ ਵੱਲੋਂ ਕਿਹਾ ਗਿਆ ਹੈ ਕਿ ਕੇਂਦਰ ਦੀ ਭਾਰਤੀ ਜਨਤਾ ਪਾਰਟੀ ਦੀ ਸਰਕਾਰ ਦੇ ਇਸ਼ਾਰੇ ਉੱਤੇ ਬੀਬੀਐਮਬੀ ਵੱਲੋਂ ਗ਼ੈਰ ਕਾਨੂੰਨੀ ਤਰੀਕੇ ਨਾਲ ਪੰਜਾਬ ਦਾ ਪਾਣੀ ਖੋਹਣ ਦੀ ਕੋਸ਼ਿਸ਼ ਕੀਤੀ ਜਾ ਰਹੀ ਹੈ।



## ਕੀ ਭਾਰਤ ਨੇ ਕੀਤਾ ਪਾਕਿਸਤਾਨੀ ਪ੍ਰਮਾਣੂ ਟਿਕਾਣਿਆਂ ’ਤੇ ਹਮਲਾ !

**ਨਵੀਂ ਦਿੱਲੀ, 12 ਮਈ (ਆਵਾਜ਼ਿ ਕੌਮ ਬਿਊਰੋ)**-ਪਾਕਿਸਤਾਨ ਵਿਰੁੱਧ ਆਪ੍ਰੇਸ਼ਨ ਸਿੰਦੂਰ ਦੇ ਹਿੱਸੇ ਵਜੋਂ ਸ਼ੁੱਕਰਵਾਰ ਰਾਤ ਨੂੰ ਨੂਰਖਾਨ ਏਅਰਬੇਸ ’ਤੇ ਭਾਰਤ ਦੇ ਭਿਆਨਕ ਹਮਲੇ ਤੋਂ ਬਾਅਦ ਸਨਸਨੀ ਫੈਲ ਗਈ। ਨਿਊਯਾਰਕ ਟਾਈਮਜ਼ ਅਨੁਸਾਰ ਪਾਕਿਸਤਾਨ ਦੇ ਪ੍ਰਮਾਣੂ ਹਥਿਆਰ ਰਾਵਲਪਿੰਡੀ ਦੇ ਨੂਰਖਾਨ ਏਅਰਬੇਸ ਤੋਂ ਸਿਰਫ 10 ਕਿਲੋਮੀਟਰ ਦੀ ਦੂਰੀ ’ਤੇ ਸਟੋਰ ਕੀਤੇ ਗਏ ਹਨ। ਇਸ ਉੱਚ ਸੁਰੱਖਿਆ ਵਾਲੀ ਥਾਂ ਨੂੰ ਪਾਕਿਸਤਾਨੀ ਰਣਨੀਤਕ ਯੋਜਨਾ ਡਿਵੀਜ਼ਨ (ਪੀਐਸਪੀਡੀ) ਕਿਹਾ ਜਾਂਦਾ ਹੈ। ਟਾਈਮਜ਼ ਨੇ ਖੁਲਾਸਾ ਕੀਤਾ ਹੈ ਕਿ ਪੀਐਸਪੀਡੀ ਕੋਲ ਪਾਕਿਸਤਾਨ ਦੇ ਪ੍ਰਮਾਣੂ ਹਥਿਆਰਾਂ ਵਿੱਚੋਂ ਸਭ ਤੋਂ ਵੱਧ ਹਥਿਆਰ ਹਨ। ਅਮਰੀਕੀ ਰਾਸ਼ਟਰਪਤੀ ਦੇ ਦਫ਼ਤਰ ਵ੍ਹਾਈਟ ਹਾਊਸ ਨੂੰ ਡਰ ਸੀ ਕਿ ਪਾਕਿਸਤਾਨ ਦਾ ਪ੍ਰਮਾਣੂ ਹਥਿਆਰ ਖ਼ਤਰੇ ਵਿੱਚ ਹੈ। ਇਸ ਤੋਂ ਬਾਅਦ ਅਮਰੀਕੀ ਉਪ ਰਾਸ਼ਟਰਪਤੀ ਜੇਡੀ ਵੈਂਸ ਹਰਕਤ ਵਿੱਚ ਆ ਗਏ। ਉਨ੍ਹਾਂ ਤੁਰੰਤ ਪਾਕਿਸਤਾਨ ਦੇ ਪ੍ਰਧਾਨ ਮੰਤਰੀ ਸ਼ਾਹਬਾਜ਼ ਸ਼ਰੀਫ ਤੇ ਪਾਕਿਸਤਾਨ ਦੇ ਫੌਜ ਮੁਖੀ ਅਸੀਮ ਮੁਨੀਰ ਨੂੰ ਫ਼ੋਨ ਕਰਨਾ ਸ਼ੁਰੂ ਕਰ ਦਿੱਤਾ। ਵੈਂਸ ਨੇ ਪਹਿਲਾਂ ਪ੍ਰਮਾਣੂ ਭੰਡਾਰ ਬਾਰੇ ਪੁੱਛਗਿੱਛ ਕੀਤੀ ਦੱਸ ਦਈਏ ਕਿ ਵੈਂਸ ਨੇ ਪਹਿਲਾਂ ਭਾਰਤ-ਪਾਕਿ ਟਕਰਾਅ ਬਾਰੇ ਕਿਹਾ ਸੀ ਕਿ ਇਹ ਅਮਰੀਕਾ ਦਾ ਮੁੱਦਾ ਨਹੀਂ ਹੈ ਪਰ ਜਿਵੇਂ ਹੀ ਪ੍ਰਮਾਣੂ ਖ਼ਤਰਾ ਮਹਿਸੂਸ ਹੋਇਆ, ਪੈਂਟਾਗਨ (ਅਮਰੀਕੀ ਰੱਖਿਆ ਮੰਤਰਾਲੇ) ਵਿੱਚ ਵੀ ਇਸ ਬਾਰੇ ਚਰਚਾ ਸ਼ੁਰੂ ਹੋ ਗਈ। ਇਸ ਮਗਰੋਂ ਅਮਰੀਕਾ ਨੇ ਭਾਰਤ ਤੇ ਪਾਕਿਸਤਾਨ ਨੂੰ ਗੱਲ਼ਬਾਤ ਲਈ ਰਾਜੀ ਕੀਤਾ।



## ਤੁਰਕੀ ਤੋਂ ਆਪਰੇਟ ਹੁੰਦੇ ਗਿਰੋਹ ਦੇ 3 ਮੈਂਬਰ ਪੰਜਾਬ ’ਚ ਗ੍ਰਿਫ਼ਤਾਰ, ਕਰੋੜਾਂ ਰੁਪਿਆ ਬਰਾਮਦ






**ਅੰਮ੍ਰਿਤਸਰ, 12 ਮਈ (ਆਵਾਜ਼ਿ ਕੌਮ ਬਿਊਰੋ)**-ਅੰਤਰਰਾਸ਼ਟਰੀ ਨਾਰਕੋ-ਹਵਾਲਾ ਗਿਰੋਹ ’ਤੇ ਇੱਕ ਵੱਡੀ ਕਾਰਵਾਈ ਕਰਦਿਆਂ ਅੰਮ੍ਰਿਤਸਰ ਕਮਿਸ਼ਨਰੇਟ ਪੁਲਸ ਨੇ ਤੁਰਕੀ-ਅਧਾਰਤ ਤਸਕਰ ਨਵਪ੍ਰੀਤ ਸਿੰਘ ਉਰਫ਼ ਨਵ ਭੁੱਲਰ ਨਾਲ ਜੁੜੇ ਇੱਕ ਡਰੱਗ ਗਿਰੋਹ ਦਾ ਪਰਦਾਫਾਸ਼ ਕੀਤਾ ਅਤੇ ਉਸਦੇ 3 ਸੰਚਾਲਕਾਂ - ਗੁਰਦੀਪ ਉਰਫ਼ ਸਾਬ, ਪ੍ਰਦੀਪ ਸ਼ਰਮਾ ਅਤੇ ਮਨੀ ਸ਼ਰਮਾ ਨੂੰ ਗ੍ਰਿਫਤਾਰ ਕੀਤਾ। ਇਸ ਦੀ ਜਾਣਕਾਰੀ ਪੰਜਾਬ ਦੇ ਡੀ. ਜੀ. ਪੀ. ਗੌਰਵ ਯਾਦਵ ਨੇ ਸਾਂਝੀ ਕੀਤੀ ਹੈ। ਡੀ. ਜੀ. ਪੀ. ਨੇ ਦੱਸਿਆ ਕਿ ਮੁਲਜ਼ਮਾਂ ਕੋਲੋਂ 1.01 ਕਿਲੋਗ੍ਰਾਮ ਹੈਰੋਇਨ, 1.06 ਕਰੋੜ ਰੁਪਏ ਹਵਾਲਾ ਪੈਸਾ (84.02 ਲੱਖ ਰੁਪਏ ਨਕਦ ਅਤੇ 22 ਲੱਖ ਰੁਪਏ ਬੈਂਕ ਖਾਤਿਆਂ ਵਿੱਚ), ਇੱਕ ਨਕਦੀ ਗਿਣਨ ਵਾਲੀ ਮਸ਼ੀਨ ਅਤੇ ਇੱਕ ਕਾਰ ਬਰਾਮਦ ਕੀਤੀ ਹੈ। ਮੁੱਢਲੀ ਜਾਂਚ ਤੋਂ ਪਤਾ ਲੱਗਾ ਹੈ ਕਿ ਗੁਰਦੀਪ ਨਵ ਭੁੱਲਰ ਦੇ ਨਿਰਦੇਸ਼ਾਂ ’ਤੇ ਸਥਾਨਕ ਨੈੱਟਵਰਕ ਚਲਾ ਰਿਹਾ ਸੀ, ਜਿਸਨੇ ਉਸਨੂੰ ਅੰਮ੍ਰਿਤਸਰ ਵਿੱਚ ਇੱਕ ਛੁਪਣਗਾਹ ਅਤੇ ਲੌਜਿਸਟਿਕਸ ਪ੍ਰਦਾਨ ਕੀਤਾ ਸੀ। ਉਨ੍ਹਾਂ ਦੱਸਿਆ ਕਿ ਐਨਡੀਪੀਐਸ ਐਕਟ ਦੇ ਤਹਿਤ ਐਫਆਈਆਰ ਦਰਜ ਕਰ ਲਈ ਗਈ ਹੈ ਅਤੇ ਗਿਰੋਹ ਦੇ ਪਿਛਲੇ ਅਤੇ ਅਗਲੇ ਸਬੰਧਾਂ ਦਾ ਪਤਾ ਲਗਾਉਣ ਲਈ ਜਾਂਚ ਜਾਰੀ ਹੈ।

## ਪੰਜਾਬ ਪੁਲਸ ਦੀ ਮਹਿਲਾ ਸਬ-ਇੰਸਪੈਕਟਰ ਨੂੰ 10 ਸਾਲ ਦੀ ਕੈਦ

**ਅੰਮ੍ਰਿਤਸਰ, 12 ਮਈ (ਆਵਾਜ਼ਿ ਕੌਮ ਬਿਊਰੋ)**- ਅੰਮ੍ਰਿਤਸਰ ਤੋਂ ਹੈਰਾਨ ਕਰ ਦੇਣ ਵਾਲਾ ਮਾਮਲਾ ਸਾਹਮਣੇ ਆਇਆ ਹੈ। ਜਿੱਥੇ ਕਿ ਇਕ ਮਹਿਲਾ ਸਬ-ਇੰਸਪੈਕਟਰ ਨੂੰ ਕਿਤੇ ਕਰਮਾਂ ਦੀ ਸਜ਼ਾ ਮਿਲੀ ਹੈ। ਜਾਣਕਾਰੀ ਮੁਤਾਬਕ ਅਦਾਲਤ ਨੇ ਪੰਜਾਬ ਪੁਲਸ ਦੀ ਇੱਕ ਮਹਿਲਾ ਸਬ-ਇੰਸਪੈਕਟਰ (ਐੱਸਆਈ) ਨੂੰ 10 ਸਾਲ ਦੀ ਕੈਦ ਅਤੇ 20,000 ਰੁਪਏ ਜੁਰਮਾਨੇ ਦੀ ਸਜ਼ਾ ਸੁਣਾਈ ਹੈ। ਅੰਮ੍ਰਿਤਸਰ ਜ਼ਿਲ੍ਹਾ ਅਦਾਲਤ ਨੇ ਆਪਣਾ ਫੈਸਲਾ ਸੁਣਾਉਂਦੇ ਹੋਏ ਔਰਤ ਨੂੰ ਦੋਸ਼ੀ ਕਰਾਰ ਦਿੱਤਾ ਹੈ। ਵਧੀਕ ਜ਼ਿਲ੍ਹਾ ਅਤੇ ਸੈਸ਼ਨ ਜੱਜ ਪਰਿੰਦਰ ਸਿੰਘ ਦੀ ਅਦਾਲਤ ਵੱਲੋਂ ਅੰਮ੍ਰਿਤਸਰ ਦਿਹਾਤੀ ਪੁਲਸ ਦੀ ਸਬ ਇੰਸਪੈਕਟਰ ਸੰਦੀਪ ਕੌਰ ਨੂੰ ਸਜ਼ਾ ਸੁਣਾਈ ਗਈ ਹੈ। ਜੇਕਰ ਜੁਰਮਾਨੇ ਦੀ ਰਕਮ ਜਮ੍ਹਾ ਨਹੀਂ ਕਰਵਾਈ ਜਾਂਦੀ, ਤਾਂ ਦੋਸ਼ੀ ਨੂੰ ਤਿੰਨ ਮਹੀਨੇ ਦੀ ਵਾਧੂ ਕੈਦ ਭੁਗਤਣੀ ਪਵੇਗੀ। ਅਦਾਲਤ ਨੇ ਕਿਹਾ ਕਿ ਸਬ ਇੰਸਪੈਕਟਰ ਸੰਦੀਪ ਕੌਰ ਦਾ ਕੰਮ ਅਪਰਾਧ ਨੂੰ ਰੋਕਣਾ ਸੀ ਜਦੋਂ ਕਿ ਉਹ ਖੁਦ ਅਪਰਾਧਿਕ ਗਤੀਵਿਧੀਆਂ ਵਿੱਚ ਸ਼ਾਮਲ ਹੋ ਗਈ।



### ਕੀ ਹੈ ਮਾਮਲਾ

10 ਅਕਤੂਬਰ, 2020 ਨੂੰ, ਮੋਹਕਮਪੁਰਾ ਥਾਣੇ ਦੀ ਪੁਲਸ ਨੇ ਅੰਮ੍ਰਿਤਸਰ ਦਿਹਾਤੀ ਜ਼ਿਲ੍ਹੇ ਵਿੱਚ ਤਾਇਨਾਤ ਸਬ ਇੰਸਪੈਕਟਰ ਸੰਦੀਪ ਕੌਰ ਵਿਰੁੱਧ ਇੱਕ ਵਿਅਕਤੀ ਨੂੰ ਖੁਦਕੁਸ਼ੀ ਲਈ ਉਕਸਾਉਣ ਦੇ ਦੋਸ਼ ਵਿੱਚ ਕੇਸ ਦਰਜ ਕੀਤਾ ਸੀ। ਜਾਂਚ ਵਿੱਚ ਇਹ ਗੱਲ ਸਾਹਮਣੇ ਆਈ ਸੀ ਕਿ ਜੰਡਿਆਲਾ ਗੁਰੂ ਥਾਣੇ ਅਧੀਨ ਪੈਂਦੇ ਪਿੰਡ ਨਵਾਂ ਪਿੰਡ ਦੇ ਰਹਿਣ ਵਾਲੇ ਵਿਕਰਮਜੀਤ ਸਿੰਘ ਦਾ ਐੱਸਆਈ ਸੰਦੀਪ ਕੌਰ ਨਾਲ ਕਥਿਤ ਪ੍ਰੇਮ ਸਬੰਧ ਸੀ। ਵਿਕਰਮਜੀਤ ਪੇਸ਼ੇ ਤੋਂ ਇੱਕ ਕਮਿਸ਼ਨ ਏਜੰਟ ਸੀ। ਦੋਵੇਂ ਇੱਕ ਦੂਜੇ ਨੂੰ ਮਿਲਦੇ ਰਹਿੰਦੇ ਸਨ, ਪਰ ਕੁਝ ਦਿਨ ਤੋਂ ਸੰਦੀਪ ਕੌਰ ਵਿਕਰਮਜੀਤ ਨੂੰ ਬਲੈਕਮੇਲ ਕਰ ਰਹੀ ਸੀ। ਉਹ ਉਸਨੂੰ ਉਸਦੇ ਇੱਕ ਹੋਰ ਸਾਥੀ ਦਾ ਕਤਲ ਕਰਨ ਲਈ ਵੀ ਉਕਸਾ ਰਹੀ ਸੀ।

ਵਿਕਰਮਜੀਤ ਲਗਾਤਾਰ ਉਸਦਾ ਵਿਰੋਧ ਕਰ ਰਿਹਾ ਸੀ। ਘਟਨਾ ਵਾਲੇ ਦਿਨ, ਦੋਵੇਂ ਮੋਹਕਮਪੁਰਾ ਦੇ ਇੱਕ ਹੋਟਲ ਦੇ ਕਮਰੇ ਵਿੱਚ ਮਿਲੇ ਸਨ। ਸੰਦੀਪ ਕੌਰ ਕੁਝ ਸਮਾਂ ਉੱਥੇ ਰਹਿਣ ਤੋਂ ਬਾਅਦ ਚਲੀ ਗਈ ਅਤੇ ਵਿਕਰਮਜੀਤ ਨੇ ਹੋਟਲ ਦੇ ਕਮਰੇ ਵਿੱਚ ਫਾਹਾ ਲੈ ਕੇ ਖੁਦਕੁਸ਼ੀ ਕਰ ਲਈ। ਪੁਲਸ ਨੇ ਸਬ-ਇੰਸਪੈਕਟਰ ਵਿਰੁੱਧ ਮਾਮਲਾ ਦਰਜ ਕਰ ਲਿਆ ਸੀ। ਉਸੇ ਰਾਤ, ਵਿਕਰਮਜੀਤ ਦੀ ਪਤਨੀ ਸੁਖਬੀਰ ਕੌਰ ਨੇ ਵੀ ਫਾਹਾ ਲੈ ਕੇ ਖੁਦਕੁਸ਼ੀ ਕਰ ਲਈ। ਇਸ ਸਬੰਧੀ ਜੰਡਿਆਲਾ ਥਾਣੇ ਦੀ ਪੁਲਸ ਨੇ ਸੰਦੀਪ ਕੌਰ ਖਿਲਾਫ਼ ਵੀ ਮਾਮਲਾ ਦਰਜ ਕੀਤਾ ਸੀ। ਮਹਿਲਾ ਐੱਸਆਈ ਵਿਰੁੱਧ ਦੋਸ਼ ਸਾਬਤ ਹੋਣ ਤੋਂ ਬਾਅਦ ਅਦਾਲਤ ਨੇ ਸੰਦੀਪ ਕੌਰ ਨੂੰ ਦੋਸ਼ੀ ਕਰਾਰ ਦਿੱਤਾ ਹੈ।

## ਭਾਰਤੀ ਫੌਜ ਦੀ ਪਾਕਿਸਤਾਨ ਨੂੰ ਵੱਡੀ ਚੇਤਾਵਨੀ, ‘ਸਾਡੇ ਫੌਜੀ ਅੱਡੇ ਪੂਰੀ ਤਰ੍ਹਾਂ ਨਾਲ ਸਰਗਰਮ, ਜੇ ਲੋੜ ਪਈ ਤਾਂ...’


**ਨਵੀਂ ਦਿੱਲੀ, 12 ਮਈ (ਆਵਾਜ਼ਿ ਕੌਮ ਬਿਊਰੋ)**-ਡੀਜੀਐਮਓ ਨੇ ਪ੍ਰੈਸ ਬ੍ਰੀਫਿੰਗ ਵਿੱਚ ਆਪ੍ਰੇਸ਼ਨ ਸਿੰਦੂਰ ਸੰਬੰਧੀ ਕਈ ਗੱਲਾਂ ਦਾ ਖੁਲਾਸਾ ਕੀਤਾ। ਏਅਰ ਮਾਰਸ਼ਲ ਏਕੇ ਭਾਰਤੀ ਨੇ ਕਿਹਾ ਕਿ ਸਾਡੀ ਲੜਾਈ ਸਿਰਫ ਅੱਤਵਾਦ ਵਿਰੁੱਧ ਹੈ ਤੇ ਅਸੀਂ ਅੱਤਵਾਦੀਆਂ ਦੇ ਬੁਨਿਆਦੀ ਢਾਂਚੇ ਨੂੰ ਨਿਸ਼ਾਨਾ ਬਣਾਇਆ ਸੀ ਪਰ ਪਾਕਿਸਤਾਨੀ ਫੌਜ ਨੇ ਅੱਤਵਾਦੀਆਂ ਦਾ ਸਮਰਥਨ ਕੀਤਾ। ਏਅਰ ਮਾਰਸ਼ਲ ਏਕੇ ਭਾਰਤੀ ਨੇ ਕਿਹਾ ਕਿ ਸਾਡੇ ਸਾਰੇ ਫੌਜੀ ਅੱਡੇ ਪੂਰੀ ਤਰ੍ਹਾਂ ਸਰਗਰਮ ਹਨ ਅਤੇ ਲੋੜ ਪੈਣ ’ਤੇ ਭਵਿੱਖ ਵਿੱਚ ਕਿਸੇ ਵੀ ਮਿਸ਼ਨ ਨੂੰ ਅੰਜਾਮ ਦੇਣ ਲਈ ਪੂਰੀ ਤਰ੍ਹਾਂ ਤਿਆਰ ਹਨ। ਏਅਰ ਮਾਰਸ਼ਲ ਏਕੇ ਭਾਰਤੀ ਨੇ ਕਿਹਾ, “ਸਾਡੀ ਲੜਾਈ ਅੱਤਵਾਦ ਤੇ ਅੱਤਵਾਦੀਆਂ ਵਿਰੁੱਧ ਸੀ, ਇਸ ਲਈ 7 ਮਈ ਨੂੰ ਅਸੀਂ ਸਿਰਫ ਅੱਤਵਾਦੀ ਟਿਕਾਣਿਆਂ ’ਤੇ ਹਮਲਾ ਕੀਤਾ। ਇਹ ਬਦਕਿਸਮਤੀ ਦੀ ਗੱਲ ਹੈ ਕਿ ਪਾਕਿਸਤਾਨੀ ਫੌਜ ਨੇ ਅੱਤਵਾਦੀਆਂ ਦਾ ਸਮਰਥਨ ਕਰਨਾ ਉਚਿਤ ਸਮਝਿਆ ਤੇ ਇਸ ਲੜਾਈ ਨੂੰ ਆਪਣੀ ਲੜਾਈ ਬਣਾ ਲਿਆ। ਇਸ ਸਥਿਤੀ ਵਿੱਚ ਸਾਡੀ ਜਵਾਬੀ ਕਾਰਵਾਈ ਬਹੁਤ ਜ਼ਰੂਰੀ ਸੀ ਅਤੇ ਇਸ ਵਿੱਚ ਉਨ੍ਹਾਂ ਨੂੰ ਜੋ ਵੀ ਨੁਕਸਾਨ ਹੋਇਆ, ਉਹ ਖੁਦ ਇਸਦੇ ਜ਼ਿੰਮੇਵਾਰ ਹਨ। ਸਾਡਾ ਹਵਾਈ ਰੱਖਿਆ ਪ੍ਰਣਾਲੀ ਦੇਸ਼ ਲਈ ਕੰਧ ਵਾਂਗ ਖੜ੍ਹਾ ਸੀ ਅਤੇ ਦੁਸ਼ਮਣ ਲਈ ਇਸ ਵਿੱਚ ਘੁਸਪੈਠ ਕਰਨਾ ਅਸੰਭਵ ਸੀ।” ਡੀਜੀਐਮਓ ਲੈਫਟੀਨੈਂਟ ਜਨਰਲ ਰਾਜੀਵ ਘਈ ਨੇ ਕਿਹਾ, “ ਸਾਡੇ ਹਵਾਈ ਖੇਤਰ ਹਰ ਤਰ੍ਹਾਂ ਨਾਲ ਕਾਰਜਸ਼ੀਲ ਹਨ। ਪਾਕਿਸਤਾਨ ਦੇ ਡਰੋਨ ਸਾਡੇ ਗਰਿੱਡ ਕਾਰਨ ਤਬਾਹ ਹੋ ਗਏ। ਮੈਂ ਇੱਥੇ ਸਾਡੀ ਸੀਮਾ ਸੁਰੱਖਿਆ ਬਲ ਦੀ ਪ੍ਰਸ਼ੰਸਾ ਕਰਦਾ ਹਾਂ, ਜਿਸ ਕਾਰਨ ਪਾਕਿਸਤਾਨ ਦੀਆਂ ਨਾਪਾਕ ਗਤੀਵਿਧੀਆਂ ਨੂੰ ਤਬਾਹ ਕਰ ਦਿੱਤਾ ਗਿਆ।” ਲੈਫਟੀਨੈਂਟ ਜਨਰਲ ਰਾਜੀਵ ਘਈ ਨੇ ਕਿਹਾ ਕਿ ਸਾਨੂੰ ਆਪ੍ਰੇਸ਼ਨ ਸਿੰਦੂਰ ਦੀ ਹਵਾਈ ਰੱਖਿਆ ਕਾਰਵਾਈ ਨੂੰ ਇੱਕ ਸੰਦਰਭ ਵਿੱਚ ਸਮਝਣ ਦੀ ਲੋੜ ਹੈ। ਉਨ੍ਹਾਂ ਕਿਹਾ, “ਪਿਛਲੇ ਕੁਝ ਸਾਲਾਂ ਵਿੱਚ ਅੱਤਵਾਦੀ ਗਤੀਵਿਧੀਆਂ ਦਾ ਚਰਿੱਤਰ ਬਦਲ ਰਿਹਾ ਸੀ। ਹੁਣ ਸਾਡੀ ਫੌਜ ਦੇ ਨਾਲ-ਨਾਲ, ਮਾਸੂਮ ਲੋਕਾਂ ’ਤੇ ਵੀ ਹਮਲੇ ਹੋ ਰਹੇ ਸਨ। 2024 ਵਿੱਚ ਸ਼ਿਵਖੋੜੀ ਮੰਦਰ ਜਾਣ ਵਾਲੇ ਸ਼ਰਧਾਲੂਆਂ ਤੇ ਇਸ ਸਾਲ ਅਪ੍ਰੈਲ ਵਿੱਚ, ਪਹਿਲਗਾਮ ਵਿੱਚ ਮਾਸੂਮ ਸੈਲਾਨੀਆਂ ਨੂੰ ਨਿਸ਼ਾਨਾ ਬਣਾਇਆ ਗਿਆ ਸੀ।” ਉਨ੍ਹਾਂ ਕਿਹਾ, “ਪਹਿਲਗਾਮ ਤੱਕ, ਉਨ੍ਹਾਂ ਦੇ ਪਾਪਾਂ ਦਾ ਪਿਆਲਾ ਭਰ ਗਿਆ ਸੀ, ਕਿਉਂਕਿ ਅੱਤਵਾਦੀਆਂ ’ਤੇ ਸਾਡੇ ਸਟੀਕ ਹਮਲੇ ਐਲ. ਓ. ਸੀ. ਅਤੇ 92 ਪਾਰ ਕਰਕੇ ਕੀਤੇ ਗਏ ਸਨ। ਸਾਨੂੰ ਪੂਰੀ ਤਰ੍ਹਾਂ ਪਤਾ ਸੀ ਕਿ ਪਾਕਿਸਤਾਨ ਦਾ ਹਮਲਾ ਵੀ ਸਰਹੱਦ ਪਾਰ ਤੋਂ ਹੋਵੇਗਾ, ਇਸ ਲਈ ਅਸੀਂ ਹਵਾਈ ਰੱਖਿਆ ਲਈ ਤਿਆਰੀ ਕੀਤੀ ਸੀ। ਜਦੋਂ ਪਾਕਿਸਤਾਨੀ ਹਵਾਈ ਸੈਨਾ ਨੇ 9-10 ਮਈ ਨੂੰ ਸਾਡੇ ਹਵਾਈ ਖੇਤਰਾਂ ਅਤੇ ਲੌਜਿਸਟਿਕ ਸਥਾਪਨਾਵਾਂ ’ਤੇ ਹਮਲਾ ਕੀਤਾ, ਤਾਂ ਉਹ ਇਸ ਮਜ਼ਬੂਤ ਹਵਾਈ ਰੱਖਿਆ ਗਰਿੱਡ ਦੇ ਸਾਹਮਣੇ ਅਸਫਲ ਰਹੇ।”

ਮੈਂ ਸਰੀਰਕ ਮੌਤ ਨੂੰ ਮੌਤ ਨਹੀ ਮੰਨਦਾ ਜਮੀਰ ਦਾ ਮਰਜਾਣਾ ਯਕੀਨਨ ਮੌਤ ਹੈ।

ਸੰਤ ਜਰਨੈਲ ਸਿੰਘ ਜੀ ਖਾਲਸਾ ਭਿੰਡਰਾਂਵਾਲੇ

ਜਨਮ
ਪਿੰਡ ਰੋਡੇ
2.6.1947
Birth
Pind Rode

ਸ਼ਹੀਦੀ
ਸ੍ਰੀ ਦਰਬਾਰ ਸਾਹਿਬ
ਅੰਮ੍ਰਿਤਸਰ
6.6.1984
Shaheedi
Sri Darbar Sahib
Amritsar



www.damdamitaksal.net

Physical death i do not fear
death of conscience is a sure death

Sant Jarnail Singh Ji Khalsa Bhindranwale
www.damdamitaksal.net



ਧੁਰੋਂ ਸ਼ਬਦ ਸ੍ਰੀ ਟਕਸਾਲ ॥ ਦਮਦਮੀ ਟਕਸਾਲ ਜਥਾ ਭਿੰਡਰਾਂ (ਮਹਿਤਾ)
www.damdamitaksal.net

ਨਾਮ ਜਪੋ
ਕਿਰਤ ਕਰੋ
ਵੰਡ ਛਕੋ

Naam Japo
Kirat Karo
Vand Shako

ਵਾਹਿਗੁਰੂ ਜੀ ਕਾ ਖਾਲਸਾ॥
ਵਾਹਿਗੁਰੂ ਜੀ ਕੀ ਫਤਹਿ॥

WAHEGURU JI KA KHALSA
WAHEGURU JI KI FATEH

ਖੰਡੇ ਬਾਟੇ ਦੀ ਪਾਹੁਲ ਛੱਕ ਕੇ ਗੁਰੂ ਵਾਲੇ ਬਣੋ
Khande Bate di Pahul Shak Ke Guru Wale Bano

ਗੁਰਬਾਣੀ ਸੰਥਿਆ ਅਤੇ ਗੁਰਮਤਿ ਸਿੱਖਿਆ ਨਾਲ ਜੁੜੋ
Join Gurbani Santhia and Gurmat Sikhia

ਕੀਰਤਨ ਕਥਾ ਕਵੀਸ਼ਰੀ ਅਤੇ ਢਾਡੀ ਵਾਰਾਂ ਸਿੱਖੋ
Learn Kirtan Katha Kavishri and Dhadi Waran

ਗੁਰਮੁਖੀ ਪੰਜਾਬੀ ਸਿੱਖੋ
Learn Gurmukhi Punjabi

ਗਤਕਾ ਸਿੱਖੋ Learn Gatka
www.damdamitaksal.net



ਆਵਾਜ਼ਿ ਕੌਮ
Daily Newspaper from U.K.

Publisher/Chief Editor
**Raghbir Singh Walsal**
E-mail : awazeqaumtv@gmail.com

www.awazeqaumtv.com

for AWAZE QAUM Channel

https://youtu.be/LQwolgxDu7I
Contact :
+447458381111
+447976210161
+919729091243

ਆਵਾਜ਼ਿ ਕੌਮ AWAZE QAUM TV



ਭਾਈ ਰਘਵੀਰ ਸਿੰਘ ਵਾਲਸਾਲ
ਯੂ.ਕੇ. ਮੁੱਖ ਸੰਪਾਦਕ
Raghbir Singh Walsall uk


**ਪੰਜਾਬੀ ਸਿੱਖੋ, ਪੰਜਾਬੀ ਪੜ੍ਹੋ, ਪੰਜਾਬੀ ਬੋਲੋ, ਮਾਂ ਬੋਲੀ ਪੰਜਾਬੀ ਅਤੇ ਆਪਣੇ ਪੰਜਾਬ ਨੂੰ ਪਿਆਰ ਕਰੋ**

## ਸਮੂਹ ਪੱਤਰਕਾਰ/ਲੇਖਕਾਂ ਦੇ ਧਿਆਨ ਹਿਤ

ਸਮੂਹ ਪੱਤਰਕਾਰਾਂ/ਲੇਖਕਾਂ ਨੂੰ ਅਪੀਲ ਹੈ ਕਿ ਉਹ ਆਪਣੀਆ ਖ਼ਬਰਾਂ, ਇਸ਼ਤਿਹਾਰ ਅਤੇ ਹੋਰ ਸਮੱਗਰੀ ਸ਼ੁੱਧ ਪੰਜਾਬੀ ਵਿੱਚ ਕੰਪੋਜ਼ ਕਰਕੇ ਭੇਜਣ। ਬਿਨਾਂ ਕੰਪੋਜ਼ ਕੀਤੀਆਂ ਗਈਆਂ ਖ਼ਬਰਾਂ, ਲੇਖ ਜਾਂ ਹੋਰ ਕਿਸੇ ਵੀ ਪ੍ਰਕਾਰ ਦੇ ਮੈਟਰ 'ਤੇ ਵਿਚਾਰ ਨਹੀਂ ਕੀਤਾ ਜਾਵੇਗਾ। -ਸੰਪਾਦਕ


ਦੇਗ ਤੇਗ ਫ਼ਤਿਹ – ਪੰਥ ਕੀ ਜੀਤ

ਹਮ ਰਾਖਤ ਪਾਤਿਸ਼ਾਹੀ ਦਾਵਾ ॥ ਜਾਂ ਇਤ ਕੋ ਜਾਂ ਅਗਲੋ ਪਾਵਾ ॥

ਸ੍ਰੀ ਗੁਰੂ ਨਾਨਕ ਦੇਵ ਜੀ ਦੇ ਪ੍ਰਕਾਸ਼ ਪੁਰਬ ਅਤੇ ਮਾਤਾ ਸਾਹਿਬ ਕੌਰ ਜੀ ਦੇ ਜਨਮ ਦਿਹਾੜੇ ਨੂੰ ਸਮਰਪਿਤ



ਧੰਨ-ਧੰਨ
ਮਾਤਾ ਸਾਹਿਬ ਕੌਰ ਜੀ

# 29ਵਾਂ ਸਲਾਨਾ ਜੋੜ ਮੇਲਾ
# ਗੁਰਮਤਿ ਸਮਾਗਮ

1 ਨਵੰਬਰ 2025, ਦਿਨ ਸ਼ਨੀਵਾਰ ਨੂੰ
ਬੱਬਰਾਂ ਦੇ ਹਾਈ ਕੋਰਟ ਗੁਰਦੁਆਰਾ ਸ਼ਹੀਦਾਂ, ਜੱਸੋਵਾਲ ਵਿਖੇ
ਬੜੀ ਸ਼ਰਧਾ ਨਾਲ ਕਰਵਾਇਆ ਜਾ ਰਿਹਾ ਹੈ।



ਸੰਤ ਜਰਨੈਲ ਸਿੰਘ ਜੀ ਖਾਲਸਾ
ਭਿੰਡਰਾਂ ਵਾਲੇ

ਲੜੀ ਅਰੰਭ ਸ੍ਰੀ ਅਖੰਡ ਪਾਠ ਸਾਹਿਬ -20 ਅਕਤੂਬਰ, ਸੋਮਵਾਰ, ਸਵੇਰੇ 10 ਵਜੇ
ਲੜੀ ਭੋਗ ਸ੍ਰੀ ਅਖੰਡ ਪਾਠ ਸਾਹਿਬ -1 ਨਵੰਬਰ, ਸ਼ਨੀਵਾਰ, ਸਵੇਰੇ 9 ਵਜੇ

ਜੋੜ ਮੇਲੇ ਵਿੱਚ ਸਿੰਘ ਸਾਹਿਬਾਨ, ਦਮਦਮੀ ਟਕਸਾਲ, ਸੰਤ ਮਹਾਂਪੁਰਸ਼, ਸੰਪਰਦਾਵਾਂ ਦੇ ਮੁਖੀ, ਨਿਹੰਗ ਸਿੰਘ ਜਥੇਬੰਦੀਆਂ, ਸ਼੍ਰੋਮਣੀ ਕਮੇਟੀ ਮੈਂਬਰ, ਨਿਰਮਲੇ, ਉਦਾਸੀ, ਧਾਰਮਿਕ, ਕਿਸਾਨ ਆਗੂ, ਹਰ ਪਾਰਟੀ ਦੇ ਸਿਆਸੀ ਲੀਡਰ, ਇੰਟਰਨੈਸ਼ਨਲ ਪੰਥਕ ਦਲ ਯੂ.ਕੇ. ਅਤੇ ਭਾਰਤ ਦੇ ਸਮੂਹ ਅਹੁਦੇਦਾਰ ਅਤੇ ਨਾਮਵਰ ਰਾਗੀ-ਢਾਡੀ-ਕਵੀਸ਼ਰ ਜਥੇ ਪਹੁੰਚ ਰਹੇ ਹਨ।

ਨੋਟ : ਇਹ ਸਮਾਗਮ 13 ਦਿਨ ਚੱਲੇਗਾ

ਸਮੂਹ ਸੰਗਤ ਨੂੰ ਪਹੁੰਚਣ ਲਈ ਬੇਨਤੀ ਕੀਤੀ ਜਾਂਦੀ ਹੈ। ਗੁਰੂ ਦੇ ਲੰਗਰ ਅਤੇ ਚਾਹ ਪਕੌੜਿਆਂ ਦੇ ਲੰਗਰ ਅਤੁੱਟ ਵਰਤਣਗੇ।



ਬੇਨਤੀ ਕਰਤਾ
ਸੰਤ ਬਾਬਾ ਚਰਨਜੀਤ ਸਿੰਘ ਜੱਸੋਵਾਲ
ਦਮਦਮੀ ਟਕਸਾਲ ਭਿੰਡਰਾਂ ਵਾਲੇ

ਜਾਰੀ ਕਰਤਾ : ਭਾਈ ਜਰਨੈਲ ਸਿੰਘ ਢਿੱਲੋਂ, ਬੀਬੀ ਅਰਸ਼ਪ੍ਰੀਤ ਕੌਰ 84278-66404

ਸੰਪਰਕ ਨੰਬਰ
98141-27470
84278-66404
73408-35137

ਸ੍ਰੀ ਵਾਹਿਗੁਰੂ ਜੀ ਕੀ ਫਤਿਹ

ਚਰਨ ਸ਼ਰਨ ਗੁਰ ਏਕ ਪੈਂਡਾ ਜਾਇ ਚਲ ਸਤਿਗੁਰੁ ਕੋਟਿ ਪੈਂਡਾ ਆਗੇ ਹੋਇ ਲੇਤ ਹੈ ॥

ਮਨੁੱਖਤਾ ਦੇ ਰਹਿਬਰ ਤਾਰਨਹਾਰ ਜਗਤ ਗੁਰੂ ਧੰਨ ਧੰਨ ਸ੍ਰੀ ਗੁਰੂ ਨਾਨਕ ਦੇਵ ਜੀ ਦੇ ਪ੍ਰਕਾਸ਼ ਪੁਰਬ ਮੌਕੇ

# ਨਨਕਾਣਾ ਸਾਹਿਬ ਯਾਤਰਾ ਕਮੇਟੀ ਯੂ. ਕੇ.

## ਵੱਲੋਂ ਪਾਕਿਸਤਾਨ ਦੇ ਇਤਿਹਾਸਕ ਸਿੱਖ ਗੁਰਦੁਆਰਾ ਸਾਹਿਬਾਨ ਦੀ ਯਾਤਰਾ

## 28 ਅਕਤੂਬਰ 2025 ਤੋਂ 7 ਨਵੰਬਰ 2025 ਤੱਕ ਹੋਵੇਗੀ



### ਗੁਰੂ ਪਿਆਰੀ ਸਾਧ ਸੰਗਤ ਜੀਓ, ਵਾਹਿਗੁਰੂ ਜੀ ਕਾ ਖਾਲਸਾ ਵਾਹਿਗੁਰੂ ਜੀ ਕੀ ਫਤਿਹ

ਆਪ ਜੀ ਨੂੰ ਇਹ ਜਾਣ ਕੇ ਅਤਿਅੰਤ ਖੁਸ਼ੀ ਹੋਵੇਗੀ ਕਿ ਨਨਕਾਣਾ ਸਾਹਿਬ ਯਾਤਰਾ ਕਮੇਟੀ ਯੂਕੇ ਵੱਲੋਂ ਇੱਕ ਵਿਸ਼ਾਲ ਜਥੇ ਸਮੇਤ ਪਾਕਿਸਤਾਨ ਵਿਖੇ ਸਿੱਖ ਇਤਿਹਾਸਕ ਗੁਰਦੁਆਰਾ ਸਾਹਿਬਾਨ ਦੀ ਯਾਤਰਾ ਕੀਤੀ ਜਾ ਰਹੀ ਹੈ। ਹਰ ਸਿੱਖ ਆਪਣੀ ਅਰਦਾਸ ਵਿੱਚ ਪੰਥ ਤੋਂ ਵਿਛੜੇ ਹੋਏ ਜਿਨ੍ਹਾਂ ਗੁਰਦੁਆਰਾ ਸਾਹਿਬਾਨ ਦਾ ਜ਼ਿਕਰ ਕਰਦਾ ਹੈ ਉਹਨਾਂ ਦੇ ਦਰਸ਼ਨ ਦੀਦਾਰੇ ਕਰਕੇ ਧੰਨ ਧੰਨ ਸ੍ਰੀ ਗੁਰੂ ਨਾਨਕ ਦੇਵ ਜੀ ਦੀਆਂ ਖੁਸ਼ੀਆਂ ਪ੍ਰਾਪਤ ਕਰਨ ਦਾ ਸੁਨਹਿਰੀ ਮੌਕਾ ਹੈ। ਸ੍ਰੀ ਗੁਰੂ ਨਾਨਕ ਦੇਵ ਜੀ ਦਾ ਪ੍ਰਕਾਸ਼ ਪੁਰਬ ਨਨਕਾਣਾ ਸਾਹਿਬ ਦੀ ਧਰਤੀ ਤੇ ਮਨਾਉਣ ਦੀਆਂ ਤਿਆਰੀਆਂ ਹੁਣ ਤੋਂ ਹੀ ਆਰੰਭ ਕਰਕੇ ਪਰਿਵਾਰਾਂ ਸਮੇਤ ਗੁਰਦੁਆਰਾ ਸਾਹਿਬਾਨ ਦੀ ਯਾਤਰਾ ਕਰਾਉਣ ਲਈ ਨਨਕਾਣਾ ਸਾਹਿਬ ਯਾਤਰਾ ਕਮੇਟੀ ਯੂਕੇ ਨਾਲ ਸੰਪਰਕ ਕਰੋ ਜੀ।

ਪਾਕਿਸਤਾਨ ਵਿਖੇ ਸ੍ਰੀ ਨਨਕਾਣਾ ਸਾਹਿਬ ਤੋਂ ਇਲਾਵਾ 25 ਹੋਰ ਗੁਰਦੁਆਰਾ ਸਾਹਿਬਾਨ ਦੇ ਦਰਸ਼ਨ

**£1050**

Important Note: The Jatha will depart from Jalandhar Punjab from 28th October to 7th November 2025 to visit Gurdwara Sahibs of Pakistan with Nankana Sahib Yatra Committee and will end back at Jalandhar. The cost of traveling from Jalandhar to Jalandhar will be 1050 pounds including visa, transport, hotel stay and break fast and Dinner.

**Note: It does not include flight ticket and insurance, it has to be done by the passenger himself.**

**ਜਰੂਰੀ ਨੋਟ :** ਨਨਕਾਣਾ ਸਾਹਿਬ ਯਾਤਰਾ ਕਮੇਟੀ ਨਾਲ ਪਾਕਿਸਤਾਨ ਦੇ ਗੁਰਦੁਆਰਾ ਸਾਹਿਬਾਨ ਦੀ ਯਾਤਰਾ ਕਰਨ ਲਈ ਜਥਾ 28 ਅਕਤੂਬਰ ਜਲੰਧਰ ਤੋਂ 7 ਨਵੰਬਰ 2025 ਤੱਕ ਜਲੰਧਰ ਪੰਜਾਬ ਤੋਂ ਰਵਾਨਾ ਹੋਵੇਗਾ ਤੇ ਜਲੰਧਰ ਵਾਪਸ ਸਮਾਪਤ ਹੋਵੇਗਾ । ਜਲੰਧਰ ਤੋਂ ਜਲੰਧਰ ਆਉਣ ਜਾਣ ਦਾ ਖਰਚਾ ਵੀਜ਼ਾ, ਟਰਾਂਸਪੋਰਟ ਤੇ ਹੋਟਲ ਵਿੱਚ ਰਹਿਣ ਅਤੇ ਬਰੇਕ ਫਾਸਟ ਅਤੇ ਰਾਤ ਦੇ ਖਾਣੇ ਸਮੇਤ 1050 ਪੌਂਡ ਹੋਵੇਗਾ।

**ਨੋਟ : ਇਸ ਵਿੱਚ ਜਹਾਜ਼ ਦੀ ਟਿਕਟ ਤੇ ਇੰਸ਼ੋਰੈਂਸ ਨਹੀਂ ਹੈ, ਉਹ ਯਾਤਰੀ ਨੇ ਆਪਣੇ ਆਪ ਕਰਵਾਉਣੀ ਹੈ।**

## ਯਾਤਰਾ ਦੌਰਾਨ ਰਿਹਾਇਸ਼ ਦਾ ਪ੍ਰਬੰਧ ਲਗਜ਼ਰੀ ਹੋਟਲ ਵਿੱਚ ਹੋਵੇਗਾ।

ਬ੍ਰਿਟਿਸ਼ ਪਾਸਪੋਰਟ ਲਈ 2 ਫੋਟੋ ਅਤੇ ਇੰਡੀਅਨ ਪਾਸਪੋਰਟ ਵਾਲੇ 2 ਫੋਟੋ, ਐਪਲੀਕੇਸ਼ਨ ਫਾਰਮ ਨਾਲ ਭੇਜੀਆਂ ਜਾਣ।

- ☛ ਯਾਤਰੀ ਆਪਣੇ ਨਾਮ ਛੇਤੀ ਤੋਂ ਛੇਤੀ ਦਿੱਤੇ ਗਏ ਨੰਬਰਾਂ 'ਤੇ ਨਾਮ ਲਿਖਵਾਉਣ ਦੀ ਕ੍ਰਿਪਾਲਤਾ ਕਰਨ।
- ☛ ਯਾਤਰੀਆਂ ਦੇ ਪਾਸਪੋਰਟ ਦੀ ਮਿਆਦ ਅਗਲੇ ਸਾਲ ਜੂਨ ਮਹੀਨੇ ਤੱਕ ਜ਼ਰੂਰੀ ਹੈ।

**ਪ੍ਰੋਗਰਾਮ ਵਿੱਚ ਅਦਲਾ-ਬਦਲੀ ਕਰਨ ਦੇ ਪ੍ਰਬੰਧਕਾਂ ਦੇ ਹੱਕ ਰਾਖਵੇਂ ਹਨ।**

**BOOK YOUR SEATS NOW**

✶-- ਗੁਰੂ ਪੰਥ ਦੇ ਸੇਵਾਦਾਰ --✶

ਨਨਕਾਣਾ ਸਾਹਿਬ ਯਾਤਰਾ ਕਮੇਟੀ ਯੂ ਕੇ/Nankana Sahib Yatra Committee UK

- ਭਾਈ ਰਘਵੀਰ ਸਿੰਘ ਵਾਲਸਾਲ/Bhai Raghbir Singh walsall
  +447976210161
- ਭਾਈ ਬਲਜੀਤ ਸਿੰਘ ਕੰਗ/Bhai Baljit Singh Kang
  +44 7780 605230
- ਬਾਬਾ ਬਘੇਲ ਸਿੰਘ ਯੂ ਕੇ (ਸਿੱਖ ਪ੍ਰਚਾਰਕ)/ Baba baghail Singh UK (Sikh Parchark)
  +44 7568 517223

Website : www.nsycuk.com
E-mail : gnstuk@hotmail.com

ਆਵਾਜ਼ਿ ਕੌਮ AWAZE QAUM International Newspaper & WEB TV

# ਦਮਦਮੀ ਟਕਸਾਲ ਜੱਥਾ ਭਿੰਡਰਾਂ ਮਹਿਤਾ ਵੱਲੋਂ

## ਅਮਰ ਸ਼ਹੀਦ ਸੰਤ ਗਿਆਨੀ ਜਰਨੈਲ ਸਿੰਘ ਜੀ ਖਾਲਸਾ ਭਿੰਡਰਾਂਵਾਲੇ

ਅਤੇ ਜੂਨ 1984 (ਘੱਲੂਘਾਰੇ) ਦੇ ਸਮੂਹ ਸ਼ਹੀਦਾਂ ਦੀ 41ਵੀਂ ਸ਼ਹੀਦੀ ਵਰ੍ਹੇਗੰਢ ਨੂੰ ਸਮਰਪਿਤ



# ਸ਼ਬਦ ਕੀਰਤਨ ਅਤੇ ਕਥਾ ਸਮਾਗਮ



## 1 ਮਈ ਤੋਂ 31 ਮਈ 2025 ਤੱਕ

ਰੋਜ਼ਾਨਾ ਸ਼ਾਮ 6 ਤੋਂ 8 ਵਜੇ ਤੱਕ

ਮਹਿਤਾ ਚੌਂਕ ਤੇ ਆਸ ਪਾਸ ਦੇ ਪਿੰਡਾਂ ਵਿੱਚ ਆਯੋਜਿਤ ਕੀਤੇ ਜਾ ਰਹੇ ਹਨ। ਜਿਸ ਵਿੱਚ ਦਮਦਮੀ ਟਕਸਾਲ ਦੇ ਮੁਖੀ ਸੰਤ ਗਿਆਨੀ ਹਰਨਾਮ ਸਿੰਘ ਜੀ ਖਾਲਸਾ 'ਭਿੰਡਰਾਂਵਾਲੇ' ਸ਼ਬਦ ਵਿਚਾਰ ਰਾਹੀਂ ਸੰਗਤਾਂ ਨੂੰ ਨਿਹਾਲ ਕਰਨਗੇ।

| | | | |
|---|---|---|---|
| 1 ਮਈ | ਵੀਰਵਾਰ | ਜਬੋਵਾਲ | ਸ਼ਾਮ 6 ਤੋਂ 8 ਵਜੇ ਤੱਕ |
| 2 ਮਈ | ਸ਼ੁੱਕਰਵਾਰ | ਜੱਫਰਵਾਲ | ਸ਼ਾਮ 6 ਤੋਂ 8 ਵਜੇ ਤੱਕ |
| 3 ਮਈ | ਸ਼ਨੀਵਾਰ | ਗੁ: ਭਗਤਾਂ ਦਾ ਡੇਰਾ ਤਰਸਿੱਕਾ | ਸ਼ਾਮ 6 ਤੋਂ 8 ਵਜੇ ਤੱਕ |
| 4 ਮਈ | ਐਤਵਾਰ | ਕੋਟਲਾ ਮੂਸਾ ਨੇੜੇ ਕਾਦੀਆਂ ਡੱਲਾ ਮੋੜ | ਸ਼ਾਮ 6 ਤੋਂ 8 ਵਜੇ ਤੱਕ |
| 5 ਮਈ | ਸੋਮਵਾਰ | ਸੱਦਾਰੰਗ | ਸ਼ਾਮ 6 ਤੋਂ 8 ਵਜੇ ਤੱਕ |
| 6 ਮਈ | ਮੰਗਲਵਾਰ | ਸਹਾਇਪੁਰ | ਸ਼ਾਮ 6 ਤੋਂ 8 ਵਜੇ ਤੱਕ |
| 7 ਮਈ | ਬੁੱਧਵਾਰ | ਧਰਦਿਓ | ਸ਼ਾਮ 6 ਤੋਂ 8 ਵਜੇ ਤੱਕ |
| 8 ਮਈ | ਵੀਰਵਾਰ | ਬਾਬੋਵਾਲ | ਸ਼ਾਮ 6 ਤੋਂ 8 ਵਜੇ ਤੱਕ |
| 9 ਮਈ | ਸ਼ੁੱਕਰਵਾਰ | ਭਲਾਈਪੁਰ ਪੁਰਬਾ | ਸ਼ਾਮ 6 ਤੋਂ 8 ਵਜੇ ਤੱਕ |
| 10 ਮਈ | ਸ਼ਨੀਵਾਰ | ਗੁ: ਕੰਧ ਸਾਹਿਬ ਬਟਾਲਾ | ਸ਼ਾਮ 6 ਤੋਂ 8 ਵਜੇ ਤੱਕ |
| 11 ਮਈ | ਐਤਵਾਰ | ਗੁਰੂ ਕੀ ਬੇਰ ਸਾਹਿਬ ਮੱਤੇਵਾਲ | ਸ਼ਾਮ 6 ਤੋਂ 8 ਵਜੇ ਤੱਕ |
| 12 ਮਈ | ਸੋਮਵਾਰ | ਲੀਲ ਕਲਾਂ | ਸ਼ਾਮ 6 ਤੋਂ 8 ਵਜੇ ਤੱਕ |
| 13 ਮਈ | ਮੰਗਲਵਾਰ | ਸੂਸਾ | ਸ਼ਾਮ 6 ਤੋਂ 8 ਵਜੇ ਤੱਕ |
| 14 ਮਈ | ਬੁੱਧਵਾਰ | ਸਿਆਲਕਾ | ਸ਼ਾਮ 6 ਤੋਂ 8 ਵਜੇ ਤੱਕ |
| 15 ਮਈ | ਵੀਰਵਾਰ | ਚੌਣੇ | ਸ਼ਾਮ 6 ਤੋਂ 8 ਵਜੇ ਤੱਕ |
| 16 ਮਈ | ਸ਼ੁੱਕਰਵਾਰ | ਨਵਾਂ ਪਿੰਡ | ਸ਼ਾਮ 6 ਤੋਂ 8 ਵਜੇ ਤੱਕ |
| 17 ਮਈ | ਸ਼ਨੀਵਾਰ | ਗੁ: ਸੰਗਤਪੁਰਾ ਬਥਵਾਲਾ ਗੁਰਦਾਸਪੁਰ | ਸ਼ਾਮ 6 ਤੋਂ 8 ਵਜੇ ਤੱਕ |
| 18 ਮਈ | ਐਤਵਾਰ | ਧਰਮੂਚੱਕ | ਸ਼ਾਮ 6 ਤੋਂ 8 ਵਜੇ ਤੱਕ |
| 19 ਮਈ | ਸੋਮਵਾਰ | ਕਾਹਲਵਾਂ | ਸ਼ਾਮ 6 ਤੋਂ 8 ਵਜੇ ਤੱਕ |
| 20 ਮਈ | ਮੰਗਲਵਾਰ | ਉੱਦੋ ਨੰਗਲ ਖੁਰਦ | ਸ਼ਾਮ 6 ਤੋਂ 8 ਵਜੇ ਤੱਕ |
| 21 ਮਈ | ਬੁੱਧਵਾਰ | ਸਠਿਆਲਾ | ਸ਼ਾਮ 6 ਤੋਂ 8 ਵਜੇ ਤੱਕ |
| 22 ਮਈ | ਵੀਰਵਾਰ | ਢਪਈਆ | ਸ਼ਾਮ 6 ਤੋਂ 8 ਵਜੇ ਤੱਕ |
| 23 ਮਈ | ਸ਼ੁੱਕਰਵਾਰ | ਵੀਲਾ/ਮੀਕੇ | ਸ਼ਾਮ 6 ਤੋਂ 8 ਵਜੇ ਤੱਕ |
| 24 ਮਈ | ਸ਼ਨੀਵਾਰ | ਬੁਤਾਲਾ | ਸ਼ਾਮ 6 ਤੋਂ 8 ਵਜੇ ਤੱਕ |
| 25 ਮਈ | ਐਤਵਾਰ | ਖੱਬੇ ਰਾਜਪੂਤਾਂ ਸਵੇਰੇ 10 ਤੋਂ 12 ਵਜੇ ਤੱਕ; ਚੌਧਰੀਵਾਲ | ਸ਼ਾਮ 7 ਤੋਂ 9 ਵਜੇ ਤੱਕ |
| 26 ਮਈ | ਸੋਮਵਾਰ | ਜਲਾਲ ਉਸਮਾਂ | ਸ਼ਾਮ 6 ਤੋਂ 8 ਵਜੇ ਤੱਕ |
| 27 ਮਈ | ਮੰਗਲਵਾਰ | ਜੇਠੂਵਾਲ | ਸ਼ਾਮ 6 ਤੋਂ 8 ਵਜੇ ਤੱਕ |
| 28 ਮਈ | ਬੁੱਧਵਾਰ | ਗੁ: ਰਾਮ ਥੰਮਣ ਸਾਹਿਬ ਮਨੇਸ਼ | ਸ਼ਾਮ 6 ਤੋਂ 8 ਵਜੇ ਤੱਕ |
| 29 ਮਈ | ਵੀਰਵਾਰ | ਮੈਹਣੀਆ ਕੁਹਾਰਾ | ਸ਼ਾਮ 6 ਤੋਂ 8 ਵਜੇ ਤੱਕ |
| 30 ਮਈ | ਸ਼ੁੱਕਰਵਾਰ | ਮਹਿਤਾ ਚੌਂਕ | ਸ਼ਾਮ 6 ਤੋਂ 8 ਵਜੇ ਤੱਕ |
| 31 ਮਈ | ਸ਼ਨੀਵਾਰ | ਚਾਟੀਵਿੰਡ | ਸ਼ਾਮ 6 ਤੋਂ 8 ਵਜੇ ਤੱਕ |

1-2-3-4-5 ਜੂਨ 2025 ਰੋਜ਼ਾਨਾ ਸ਼ਾਮ 4.00 ਤੋਂ 6.00 ਵਜੇ ਤੱਕ ਦਮਦਮੀ ਟਕਸਾਲ ਦੇ ਹੈਡਕੁਆਟਰ ਗੁਰਦੁਆਰਾ ਗੁਰਦਰਸ਼ਨ ਪ੍ਰਕਾਸ਼, ਚੌਂਕ ਮਹਿਤਾ ਵਿਖੇ ਕਥਾ ਕੀਰਤਨ ਦਾ ਨਿਰੰਤਰ ਪ੍ਰਵਾਹ ਚੱਲੇਗਾ।

ਸੰਗਤਾਂ ਨੂੰ ਬੇਨਤੀ ਹੈ ਕਿ 6 ਜੂਨ 2025, ਸ਼ੁੱਕਰਵਾਰ ਨੂੰ ਗੁਰਦੁਆਰਾ ਗੁਰਦਰਸ਼ਨ ਪ੍ਰਕਾਸ਼, ਚੌਂਕ ਮਹਿਤਾ ਵਿਖੇ ਪਹੁੰਚੋ ਜੀ

ਪ੍ਰੋਫੈਸ਼ਨਲ ਕਾਲਜ ਆਫ ਗੁਰਮਤਿ ਦਮਦਮੀ ਟਕਸਾਲ ਵਿਖੇ 9ਵੀਂ, 10ਵੀਂ, +1 +2, ਬੀ.ਏ., ਐੱਮ.ਏ. ਦਾਖਲੇ ਸ਼ੁਰੂ ਹਨ ਫਰੀ ਵਿੱਦਿਆ ਪ੍ਰਾਪਤ ਕਰੋ

**ਸੰਪਰਕ: 99158-00904, 97793-10040, 95171-76191, 84376-91626**

ਆਵਾਜ਼ਿ ਕੌਮ
AWAZE QAUM
International Newspaper & WEB TV

ਸਿੱਖ ਕੌਮ ਅਤੇ ਪੰਜਾਬੀਅਤ ਦਾ ਪਹਿਰੇਦਾਰ
ਆਵਾਜ਼ਿ ਕੌਮ
ਵਿੱਚ ਵਿਸ਼ਵ ਪੱਧਰ 'ਤੇ ਇਸ਼ਤਿਹਾਰ ਦੇਣ ਲਈ ਸੰਪਰਕ ਕਰੋ :
+447458381111 +447976210161 +919729091243



ਸੰਤ ਭਿੰਡਰਾਂਵਾਲਿਆਂ ਦਾ
ਜਨਮ ਦਿਨ ਸਮਾਗਮ
2 ਜੂਨ ਨੂੰ
ਪਿੰਡ ਰੋਡੇ
ਪਹੁੰਚੋ
ਸਮਾਗਮ ਦਾ ਸਮਾ
ਸਵੇਰੇ 10 ਤੋਂ
3 ਵਜੇ
ਤੱਕ
ਆਵਾਜ਼ਿ ਕੌਮ
AWAZE QAUM
International Newspaper & WEB TV
ਵੱਲੋਂ :- ਸਿੰਘ ਸਾਹਿਬ ਗਿਆਨੀ ਜਸਵੀਰ ਸਿੰਘ ਜੀ ਖਾਲਸਾ
ਸਾਬਕਾ ਜਥੇਦਾਰ ਸ੍ਰੀ ਅਕਾਲ ਤਖਤ ਸਾਹਿਬ, (98140-13915)

ਘੜੀਐ ਸਬਦੁ ਸਚੀ ਟਕਸਾਲ ॥

ਵਾਹਿਗੁਰੂ ਜੀ ਕਾ ਖਾਲਸਾ । ਵਾਹਿਗੁਰੂ ਜੀ ਕੀ ਫਤਿਹ ॥

# ਗੁਰਦੁਆਰਾ ਸਾਹਿਬ ਸ਼ਹੀਦ ਬਾਬਾ ਦੀਪ ਸਿੰਘ ਜੀ ਕਾਜਲਮਰਾਨੋ ਕਰਮੋਨਾ ਇਟਲੀ ਵਿਖੇ

## Gurdwara Sahib Shaeed Baba Deep Singh ji Casalmorano Cremona (Italy)



## ਮਹਾਨ ਸ਼ਹੀਦੀਆਂ ਸਿੰਘ ਸਿੰਘਣੀਆਂ ਭੁਝੰਗੀਆਂ

ਛੋਟਾ ਘੱਲੂਘਾਰਾ ਕਹਾਨੂੰਵਾਨ ਗੁਰਦਾਸਪੁਰ ਨੂੰ ਸਮਰਪਿਤ ਮਹਾਨ ਗੁਰਮਤਿ ਸਮਾਗਮ ਕਰਵਾਏ ਜਾਣਗੇ ।

**17 ਮਈ ਦਿਨ ਸ਼ਨਿੱਚਰਵਾਰ ਸ਼ਾਮ 5 ਵਜੇ ਤੋਂ 8 ਵਜੇ ਤੱਕ ਦੀਵਾਨ ਸਜਣਗੇ ।**

18 ਮਈ 2025 ਦਿਨ ਐਤਵਾਰ ਨੂੰ 6:30 ਵਜੇ ਸਵੇਰੇ ਚੌਪਹਿਰੇ ਦੇ ਪਾਠਾਂ ਦੀ ਆਰੰਭਤਾ ਹੋਵੇਗੀ ਸਮੇਤ ਸੁਖਮਨੀ ਸਾਹਿਬ ਦੇ 10:00 ਵਜੇ ਭੋਗ ਪੈਣਗੇ ਉਪੰਰਤ 12:30 ਵਜੇ ਤੱਕ ਦੀਵਾਨ ਸਜਣਗੇ ।

ਕੀਰਤਨੀ ਜਥਾ ਰਾਗੀ ਭਾਈ ਅਮਰਜੀਤ ਸਿੰਘ ਦਿੱਲੀ ਵਾਲੇ ਕੀਰਤਨ ਰਾਹੀਂ ਗੁਰਬਾਣੀ ਅਤੇ ਗੁਰ ਇਤਿਹਾਸ ਅਤੇ ਸਿੱਖ ਇਤਿਹਾਸ ਨਾਲ ਸੰਗਤਾਂ ਨੂੰ ਜੋੜਨਾ ਕਰਨਗੇ ।

ਪ੍ਰਬੰਧਕ ਸੇਵਾਦਾਰਾਂ ਅਤੇ ਇੰਟਰਨੈਸ਼ਨਲ ਪੰਥਕ ਦਲ ਦੇ ਸਿੰਘਾਂ ਅਤੇ ਇਲਾਕਾ ਨਿਵਾਸੀ ਸਮੂੰਹ ਸਾਧ ਸੰਗਤਾਂ ਵੱਲੋਂ ਸੇਵਾ ਨਿਭਾਈ ਜਾਂਦੀ ਹੈ ।

☛ ਗੁਰੂ ਕਾ ਲੰਗਰ ਅਤੁੱਟ ਵਰਤੇਗਾ ☛ ਸ਼ੇਅਰ ਜ਼ਰੂਰੀ ਕਰਨਾ ਜੀ

ਜ਼ਰੂਰੀ ਬੇਨਤੀ : ਗੱਤਕੇ ਦੀ ਸਿਖਲਾਈ ਹਰ ਐਤਵਾਰ 11:00 ਤੋਂ 1 : 00 ਵਜੇ ਤੱਕ ਦਿੱਤੀ ਜਾਂਦੀ ਹੈ ।

★ ਗੁਰੂ ਪੰਥ ਦੇ ਦਾਸਰੇ ★

ਸਾਧ ਸੰਗਤ, ਪ੍ਰਬੰਧਕ ਕਮੇਟੀ
ਗੁਰਦੁਆਰਾ ਸਾਹਿਬ ਸ਼ਹੀਦ ਬਾਬਾ ਦੀਪ ਸਿੰਘ ਜੀ ਕਾਜਲਮਰਾਨੋ ਕਰਮੋਨਾ ਇਟਲੀ
ਵਧੇਰੇ ਜਾਣਕਾਰੀ ਲਈ ਸੰਪਰਕ ਕਰੋ:-
ਭਾਈ ਪ੍ਰਗਟ ਸਿੰਘ (ਪ੍ਰਧਾਨ) 00393208124778
ਭਾਈ ਬਲਰਾਮ ਸਿੰਘ +393885751594
ਭਾਈ ਪ੍ਰਭਜੀਤ ਸਿੰਘ ਆਜਾਨੇਲੋ +393881079260

☛ ਸਿੱਖ ਸੰਗਤਾਂ ਦੇ ਚਰਨਾਂ ਵਿੱਚ ਪੁਰਜ਼ੋਰ ਬੇਨਤੀ ਹੈ । ਆਪਣਾ ਕੀਮਤੀ ਸਮਾਂ ਕੱਢਕੇ ਇੰਨਾਂ ਸਮਾਗਮਾ ਵਿਚ ਪਹੁੰਚਣ ਦੀ ਕ੍ਰਿਪਾਲਤਾ ਕਰਨੀ ਜੀ ।

Gurdwara Sahib Shaeed Baba Deep Singh ji Damdami Taksaal
Via Giacomo Matteotti 3Cap
26020Casalmorano Cremona (IT)
E-mail : gur.damdamitaksaalitaly@gmail.com
Call+393475711755 / 3208124778

# ੧ੴ ਸਤਿਗੁਰੂ ਪ੍ਰਸਾਦਿ

ਜੇਹਾ ਚੀਰੀ ਲਿਖਿਆ ਤੇਹਾ ਹੁਕਮੁ ਕਮਾਹਿ ॥
ਘਲੇ ਆਵਹਿ ਨਾਨਕਾ ਸਦੇ ਉਠੀ ਜਾਹਿ ॥

## ਭੋਗ ਅਤੇ ਅੰਤਿਮ ਅਰਦਾਸ



ਆਪ ਜੀ ਨੂੰ ਬਹੁਤ ਹੀ ਦੁਖੀ ਹਿਰਦੇ ਨਾਲ ਸੂਚਿਤ ਕੀਤਾ ਜਾਂਦਾ ਹੈ ਕਿ ਸਾਡੇ ਬਹੁਤ ਹੀ ਸਤਿਕਾਰਯੋਗ

**ਸਰਦਾਰ ਮਨਜਿੰਦਰ ਸਿੰਘ ਅਰਸ਼ੀ**

ਆਪਣੀ ਸੰਸਾਰਿਕ ਯਾਤਰਾ ਨੂੰ ਪੂਰਾ ਕਰਦੇ ਹੋਏ ਮਿਤੀ: 27 ਅਪ੍ਰੈਲ 2025 ਨੂੰ ਅਚਾਨਕ ਸਦੀਵੀ ਵਿਛੋੜਾ ਦੇ ਕੇ ਗੁਰੂ ਚਰਨਾਂ ਵਿੱਚ ਜਾ ਵਿਰਾਜੇ ਹਨ। ਉਨ੍ਹਾਂ ਦੀ ਆਤਮਿਕ ਸ਼ਾਂਤੀ ਲਈ ਰੱਖੇ ਗਏ

**ਸ਼੍ਰੀ ਅਖੰਡ ਸਾਹਿਬ ਪਾਠ ਦੇ ਭੋਗ**

**ਮਿਤੀ 24 ਮਈ, 2025 ਸ਼ਨੀਵਾਰ ਦਿਨ ਨੂੰ**

**ਘਰ ਨਜ਼ਦੀਕ ਗੁਰੂਦਵਾਰਾ ਭਾਈ ਸੁਲ੍ਹਾ ਸਾਹਿਬ ਜੀ (ਕਨਵਰ ਐਵੀਨਿਊ )**

ਸਮਾਂ 12 ਤੋਂ 2 ਵਜੇ ਤੱਕ ਪਵੇਗਾ।
ਸੋ ਆਪ ਨੂੰ ਅੰਤਿਮ ਅਰਦਾਸ ਵਿੱਚ ਸ਼ਾਮਲ ਹੋਣ ਲਈ ਨਿਮਰਤਾ ਸਹਿਤ ਬੇਨਤੀ ਕੀਤੀ ਜਾਂਦੀ ਹੈ।

**ਦੁਖੀ ਹਿਰਦੇ**

ਸਰਦਾਰ ਪੂਰਨ ਸਿੰਘ ਅਰਸ਼ੀ(ਪਿਤਾ)9876607150।
ਸਰਦਾਰ ਲਖਵਿੰਦਰ ਸਿੰਘ ਅਰਸ਼ੀ (ਭਰਾ) 9872733030।
ਸ: ਜਸਕੀਰਤ ਸਿੰਘ ਅਰਸ਼ੀ (ਪੁੱਤਰ)


ਆਵਾਜ਼ਿ ਕੌਮ
AWAZE QAUM
International Newspaper & WEB TV

ਘੜੀਐ ਸਬਦੁ ਸਚੀ ਟਕਸਾਲ ॥

ਵਾਹਿਗੁਰੂ ਜੀ ਕਾ ਖਾਲਸਾ। ਵਾਹਿਗੁਰੂ ਜੀ ਕੀ ਫਤਿਹ ॥

# ਗੁਰਦੁਆਰਾ ਸਾਹਿਬ ਸ਼ਹੀਦ ਬਾਬਾ ਦੀਪ ਸਿੰਘ ਜੀ ਕਾਜਲਮਰਾਨੋ ਕਰਮੋਨਾ ਇਟਲੀ ਵਿਖੇ

Gurdwara Sahib Shaeed Baba Deep Singh ji Casalmorano Cremona (Italy)



# ਸੰਗਰਾਂਦ ਦਾ ਪਵਿੱਤਰ ਦਿਹਾੜਾ

## ਸੰਗਰਾਂਦ ਦੇ ਪਵਿੱਤਰ ਨੂੰ ਸਮਰਪਿਤ ਮਹਾਨ ਗੁਰਮਤਿ ਸਮਾਗਮ ਕਰਵਾਏ ਜਾਣਗੇ।



ਢਾਡੀ ਜਥਾ ਗਿਆਨੀ ਗੁਰਪ੍ਰੀਤ ਸਿੰਘ ਲਾਂਡਰਾਂ ਵਾਲੇ

14 ਮਈ 2025 ਦਿਨ ਬੁੱਧਵਾਰ ਸ਼ਾਮ 6:30 ਤੋਂ 8 ਵਜੇ ਤੱਕ ਦੀਵਾਨ ਸਜਣਗੇ।

ਢਾਡੀ ਜਥਾ ਗਿਆਨੀ ਗੁਰਪ੍ਰੀਤ ਸਿੰਘ ਲਾਂਡਰਾਂ ਵਾਲੇ ਢਾਡੀ ਵਾਰਾਂ ਰਾਹੀਂ ਗੁਰਬਾਣੀ ਅਤੇ ਗੁਰ ਇਤਿਹਾਸ ਅਤੇ ਸਿੱਖ ਇਤਿਹਾਸ ਨਾਲ ਸੰਗਤਾਂ ਨੂੰ ਜੋੜਨਾ ਕਰਨਗੇ।

ਪ੍ਰਬੰਧਕ ਸੇਵਾਦਾਰਾਂ ਅਤੇ ਇੰਟਰਨੈਸ਼ਨਲ ਪੰਥਕ ਦਲ ਦੇ ਸਿੰਘਾਂ ਅਤੇ ਇਲਾਕਾ ਨਿਵਾਸੀ ਸਮੂੰਹ ਸਾਧ ਸੰਗਤਾਂ ਵੱਲੋਂ ਸੇਵਾ ਨਿਭਾਈ ਜਾਂਦੀ ਹੈ।

ਗੁਰੂ ਕਾ ਲੰਗਰ ਅਤੁੱਟ ਵਰਤੇਗਾ

ਜ਼ਰੂਰੀ ਬੇਨਤੀ : ਗੱਤਕੇ ਦੀ ਸਿਖਲਾਈ ਹਰ ਐਤਵਾਰ 11:00 ਤੋਂ 1 : 00 ਵਜੇ ਤੱਕ ਦਿੱਤੀ ਜਾਂਦੀ ਹੈ।

★ ਗੁਰੂ ਪੰਥ ਦੇ ਦਾਸਰੇ ★

ਸਾਧ ਸੰਗਤ, ਪ੍ਰਬੰਧਕ ਕਮੇਟੀ
ਗੁਰਦੁਆਰਾ ਸਾਹਿਬ ਸ਼ਹੀਦ ਬਾਬਾ ਦੀਪ ਸਿੰਘ ਜੀ ਕਾਜਲਮਰਾਨੋ ਕਰਮੋਨਾ ਇਟਲੀ
ਵਧੇਰੇ ਜਾਣਕਾਰੀ ਲਈ ਸੰਪਰਕ ਕਰੋ:-
ਭਾਈ ਪ੍ਰਗਟ ਸਿੰਘ (ਪ੍ਰਧਾਨ) 00393208124778
ਭਾਈ ਬਲਰਾਮ ਸਿੰਘ +393885751594
ਭਾਈ ਪ੍ਰਭਜੀਤ ਸਿੰਘ ਆਜਾਨੇਲੋ +393881079260

☛ ਸਿੱਖ ਸੰਗਤਾਂ ਦੇ ਚਰਨਾਂ ਵਿੱਚ ਪੁਰਜ਼ੋਰ ਬੇਨਤੀ ਹੈ ਆਪਣਾ ਕੀਮਤੀ ਸਮਾਂ ਕੱਢਕੇ ਇਨ੍ਹਾਂ ਸਮਾਗਮਾ ਵਿਚ ਪੁਹੁੰਚਣ ਦੀ ਕ੍ਰਿਪਾਲਤਾ ਕਰਨੀ ਜੀ। ☛ ਸ਼ੇਅਰ ਜ਼ਰੂਰੀ ਕਰਨਾ ਜੀ

Gurdwara Sahib Shaeed Baba Deep Singh ji Damdami Taksaal
Via Giacomo Matteotti 3Cap
26020Casalmorano Cremona (IT)
E-mail : gur.damdamitaksaalitaly@gmail.com
Call+393475711755 / 3208124778

## ਅੱਜ 13 ਮਈ ਨੂੰ ਜਨਮ ਦਿਨ 'ਤੇ ਵਿਸ਼ੇਸ਼

# ਸੰਸਾਰ ਦੇ ਸਮੁੱਚੇ ਧਰਮਾਂ ਦੀ ਸਤਿਕਾਰੀ ਸ਼ਖ਼ਸੀਅਤ - ਸੰਤ ਤੇਜਾ ਸਿੰਘ ਮਸਤੂਆਣਾ

–ਭਗਵਾਨ ਸਿੰਘ ਜੌਹਲ

ਸੰਸਾਰ ਭਰ ਦੇ ਸਾਰੇ ਧਰਮਾਂ ਦੀ ਸਤਿਕਾਰੀ ਉੱਘੀ ਸ਼ਖ਼ਸੀਅਤ ਸਨ – ਸੰਤ ਤੇਜਾ ਸਿੰਘ ਮਸਤੂਆਣਾ ।ਸੰਤ ਬਾਬਾ ਅਤਰ ਸਿੰਘ ਮਸਤੂਆਣਾ ਨੇ 20ਵੀਂ ਸਦੀ ਦੇ ਆਰੰਭਿਕ ਵਰ੍ਹਿਆਂ ਵਿੱਚ ਜਦੋਂ ਇਸ ਗੱਲ ਨੂੰ ਭਲੀ ਭਾਂਤ ਅਨੁਭਵ ਕੀਤਾ, ਉਸ ਸਮੇਂ ਅੰਗ੍ਰੇਜ਼ ਹਕੂਮਤ ਦਾ ਡੰਕਾ ਪੂਰੀ ਦੁਨੀਆਂ ਵਿੱਚ ਵੱਜਦਾ ਸੀ । ਗੁਰੂ ਨਾਨਕ ਸਾਹਿਬ ਦੇ ਮਾਨਵਤਾ ਦੇ ਭਲੇ ਦੇ ਸੁਨੇਹੇ ਨੂੰ ਸੰਸਾਰ ਦੇ ਦੂਜੇ ਦੇਸ਼ਾਂ ਵਿੱਚ ਕਿਵੇਂ ਪਹੁੰਚਾਇਆ ਜਾਵੇ ਤਾਂ ਉਨ੍ਹਾਂ ਉਚੇਚੇ ਤੌਰ 'ਤੇ ਦੁਨਿਆਵੀਂ ਵਿਦਿਆ ਦੀ ਪ੍ਰਾਪਤੀ ਲਈ ਉਸ ਸਮੇਂ ਦੇ ਵਿਕਸਤ ਦੇਸ਼ਾਂ ਵਿੱਚ ਸੰਤ ਤੇਜਾ ਸਿੰਘ ਨੂੰ ਭੇਜਣ ਦਾ ਵੱਡਾ ਉਪਰਾਲਾ ਕੀਤਾ ।ਸੰਤ ਤੇਜਾ ਸਿੰਘ ਦਾ ਸਮੁੱਚਾ ਜੀਵਨ ਇਕ ਵਿਦਵਾਨ ਪ੍ਰਚਾਰਕ ਤੋਂ ਇਲਾਵਾ ਬੰਦਗੀ, ਨਿਰਮਾਣਤਾ, ਸਾਦਗੀ,


**–ਭਗਵਾਨ ਸਿੰਘ ਜੌਹਲ**

bhagwansinghjohal@gmail.com
ਮੋਬਾਈਲ :
98143-24040


ਵਿਦਿਆਦਾਨੀ ਅਤੇ ਸਿੱਖਿਆ ਸ਼ਾਸਤਰੀ ਆਦਿ ਗੁਣਾਂ ਦਾ ਬਹੁ–ਰੰਗਾਂ ਗੁਲਦਸਤਾ ਸੀ ।ਸੰਸਾਰ ਦੇ ਧਰਮੀ ਲੋਕਾਂ ਵਿੱਚ ਆਪ ਰੌਸ਼ਨ ਮੀਨਾਰ ਵਜੋਂ ਜਾਣੇ ਜਾਂਦੇ ਸਨ ।ਇਨ੍ਹਾਂ ਦਾ ਜਨਮ ਪੱਛਮੀ ਪੰਜਾਬ (ਪਾਕਿਸਤਾਨ) ਦੇ ਗੁਜਰਾਂਵਾਲਾ ਦੇ ਪਿੰਡ ਬਲੋਵਾਲੀ ਵਿੱਚ ਸ। ਰੁਲੀਆ ਸਿੰਘ ਦੇ ਗ੍ਰਹਿ ਵਿਖੇ ਮਾਤਾ ਸਦਾ ਕੌਰ ਦੀ ਕੁੱਖ ਤੋਂ ਹੋਇਆ ।ਸੰਤ ਤੇਜਾ ਸਿੰਘ ਦਾ ਬਚਪਨ ਦਾ ਨਾਂਅ ਨਿਰੰਜਨ ਸਿੰਘ ਸੀ ।20 ਵਰ੍ਹੇ ਦੀ ਭਰ ਜਵਾਨੀ ਦੀ ਉਮਰ ਵਿੱਚ ਸੰਤ ਬਾਬਾ ਅਤਰ ਸਿੰਘ ਮਸਤੂਆਣਾ ਪਾਸੋਂ ਖੰਡੇ ਬਾਟੇ ਦੀ ਦਾਤ ਪ੍ਰਾਪਤ ਕਰਕੇ ਤੇਜਾ ਸਿੰਘ ਦਾ ਨਾਂਅ ਪ੍ਰਾਪਤ ਕੀਤਾ ।ਆਪਣੇ ਪਿੰਡ ਦੇ ਨੇੜਲੇ ਪਿੰਡ ਫ਼ਾਜ਼ਲਾ ਤੋਂ ਸਕੂਲੀ ਵਿਦਿਆ ਹਾਸਲ ਕੀਤੀ ।ਪਿੱਛੋਂ ਲਾਹੌਰ ਗੌਰਮਿੰਟ ਕਾਲਜ ਤੋਂ ਗ੍ਰੈਜੂਏਸ਼ਨ ਅਤੇ ਇਥੋਂ ਹੀ ਐੱਮ ਏ। (ਅੰਗ੍ਰੇਜ਼ੀ) ਦੀ ਮਾਸਟਰ ਡਿਗਰੀ ਪ੍ਰਾਪਤ ਕੀਤੀ ।ਇਥੋਂ ਹੀ ਲਾਅ ਦੀ ਡਿਗਰੀ ਵੀ ਪ੍ਰਾਪਤ ਕੀਤੀ।

ਹੁਣ ਜਦੋਂ ਕਾਲਜ ਦੀ ਸਿੱਖਿਆ ਪੂਰੀ ਹੋ ਚੁੱਕੀ ਸੀ ਤਾਂ ਆਪ ਪਿੰਡ ਭੇਰਾ ਦੇ ਐਂਗਲੋ ਸੰਸਕ੍ਰਿਤ ਹਾਈ ਸਕੂਲ ਦੇ ਪ੍ਰਿੰਸੀਪਲ ਨਿਯੁਕਤ ਹੋਏ ।ਇਸ ਸਕੂਲ ਵਿੱਚ ਥੋੜ੍ਹਾ ਸਮਾਂ ਸੇਵਾਵਾਂ ਨਿਭਾਉਣ ਤੋਂ ਛੇਤੀ ਪਿੱਛੋਂ ਆਪ ਖ਼ਾਲਸਾ ਕਾਲਜ ਅੰਮ੍ਰਿਤਸਰ ਦੇ ਵਾਈਸ–ਪ੍ਰਿੰਸੀਪਲ ਬਣ ਗਏ ।ਹੁਣ 1906 ਈ: ਵਿੱਚ ਸੰਤ ਬਾਬਾ ਅਤਰ ਸਿੰਘ ਮਸਤੂਆਣਾ ਦੀ ਦੂਰ–ਦ੍ਰਿਸ਼ਟੀ ਨਾਲ ਖੰਡੇ–ਬਾਟੇ ਦੀ ਪਾਹੁਲ ਪ੍ਰਾਪਤ ਕਰਨ ਤੋਂ ਬਾਅਦ ਇਨ੍ਹਾਂ ਸਮੇਤ ਚਾਰ ਹੋਰ ਨੌਜਵਾਨਾਂ ਨੂੰ ਉਚੇਰੀ ਵਿਦਿਆ ਲਈ ਵਿਦੇਸ਼ ਭੇਜਿਆ ।ਇਨ੍ਹਾਂ ਸਭ ਤੋਂ ਪਹਿਲਾਂ ਯੂਨੀਵਰਸਿਟੀ ਕਾਲਜ ਲੰਡਨ (ਇੰਗਲੈਂਡ) ਵਿਖੇ ਦਾਖਲਾ ਪ੍ਰਾਪਤ ਕੀਤਾ ।ਇਸ ਤੋਂ ਬਾਅਦ ਬਹੁਤ ਛੇਤੀ ਪੜ੍ਹਾਈ ਵਿੱਚਕਾਰ ਛੱਡ ਕੇ ਟੀਚਰਜ਼ ਕਾਲਜ ਕੋਲੰਬੀਆ ਯੂਨੀਵਰਸਿਟੀ ਅਮਰੀਕਾ ਵਿਖੇ ਜਾ ਦਾਖਲ ਹੋਏ ।ਇਥੇ ਪੜ੍ਹਦਿਆਂ ਆਪ ਨੇ ਹਾਵਰਡ ਯੂਨੀਵਰਸਿਟੀ ਵਿਖੇ ਮਾਈਗ੍ਰੇਸ਼ਨ ਕਰਵਾ ਲਈ ।




1911 ਈ: ਵਿੱਚ ਪੜ੍ਹਾਈ ਤੋਂ ਵਿਹਲੇ ਹੋ ਕੇ ਅਮਰੀਕਾ, ਕਨੇਡਾ ਵਰਗੇ ਦੇਸ਼ਾਂ ਵਿੱਚ ਸਿੱਖ ਧਰਮ ਬਾਰੇ ਦੁਨੀਆਂ ਦੇ ਦੂਜੇ ਧਰਮਾਂ ਦੇ ਮੁਖੀਆਂ ਦੇ ਸਨਮੁੱਖ ਵਿਸ਼ੇਸ਼ ਵਿਖਿਆਨ ਦਿੱਤੇ । ਦੂਜੀਆਂ ਕੌਮਾਂ ਨੂੰ ਸਿੱਖ ਧਰਮ ਦੀ ਵਿਲੱਖਣਤਾ, ਸਿਧਾਂਤਾਂ, ਸਿੱਖ ਇਤਿਹਾਸ ਅਤੇ ਗੁਰਬਾਣੀ ਸਬੰਧੀ ਵਿਦਵਤਾ ਭਰਪੂਰ ਸਿਧਾਂਤਕ ਵਿਚਾਰ ਦੇ ਕੇ ਪ੍ਰਭਾਵਿਤ ਕੀਤਾ । ਲੰਡਨ ਵਿਖੇ ਪਹਿਲਾਂ ਗੁਰੂ ਘਰ ਸ਼ੈਫਰਡ–ਬੁੱਸ਼ ਅਤੇ ਕਨੇਡਾ ਵਿਖੇ ਖ਼ਾਲਸਾ ਦੀਵਾਨ ਸੁਸਾਇਟੀ ਬਣਾ ਕੇ ਸਿੱਖ ਧਰਮ ਦੇ ਪ੍ਰਚਾਰ ਦਾ ਅਗਾਜ਼ ਕੀਤਾ ।ਹੁਣ ਅੰਗ੍ਰੇਜ਼ ਹਕੂਮਤ ਜੋ ਸਿੱਖਾਂ ਨੂੰ ਕੇਵਲ ਜੁਝਾਰੂ ਹੀ ਸਮਝਦੀ ਸੀ, ਉਨ੍ਹਾਂ ਜਾਣ ਲਿਆ ਸਿੱਖ ਦੁਨੀਆਂ ਦੇ ਇਤਿਹਾਸ ਵਿੱਚ ਇਕ ਵੱਖਰੀ ਪਹਿਚਾਣ ਬਣਾ ਕੇ ਆਪਣੀ ਵਿਲੱਖਣਤਾ ਦੇ ਝੰਡੇ ਵੀ ਗੱਡਣ ਦੇ ਸਮਰੱਥ ਹਨ ।ਇਸ ਤੋਂ ਪਿੱਛੋਂ ਮਸਤੂਆਣਾ ਆ ਕੇ ਮੁੜ ਧਾਰਮਿਕ ਸੇਵਾਵਾਂ ਵਿੱਚ ਜੁੱਟ ਗਏ ।ਥੋੜ੍ਹਾ ਸਮਾਂ ਭਦੌੜ ਦੇ ਲੜਕੀਆਂ ਦੇ ਕਾਲਜ ਵਿੱਚ ਵੀ ਡਿਊਟੀ ਨਿਭਾਈ ।1920 ਈ: ਵਿੱਚ ਉਨ੍ਹਾਂ ਬਨਾਰਸ ਹਿੰਦੂ ਯੂਨੀਵਰਸਿਟੀ ਦੇ ਟੀਚਰਜ਼ ਕਾਲਜ ਦੇ ਪ੍ਰਿੰਸੀਪਲ ਵਜੋਂ ਸੇਵਾਵਾਂ ਨਿਭਾਈਆਂ ।ਇਸ ਤੋਂ ਇਕ ਸਾਲ ਬਾਅਦ ਸੰਤ ਬਾਬਾ ਅਤਰ ਸਿੰਘ ਮਸਤੂਆਣਾ ਦੇ ਹੁਕਮ ਮੁਤਾਬਿਕ ਮਸਤੂਆਣਾ ਵਿਖੇ ਅਕਾਲ ਡਿਗਰੀ ਕਾਲਜ ਦੀ ਸਥਾਪਨਾ ਕੀਤੀ ।

ਵਿਦਵਾਨ ਹਸਤੀ ਸੰਤ ਤੇਜਾ ਸਿੰਘ ਮਸਤੂਆਣਾ ਦਾ ਜੀਵਨ ਸੇਵਾ, ਸਿਮਰਨ, ਤਪ–ਤਿਆਗ ਅਤੇ ਸਿੱਖ ਮਿਸ਼ਨਰੀ ਦਾ ਇਕ ਉੱਤਮ ਨਮੂਨਾ ਸੀ ।ਉਨ੍ਹਾਂ ਨੇ ਜੀਵਨ ਵਿੱਚ ਵਿਸ਼ਵ ਪੱਧਰ ਦੀਆਂ ਕਾਨਫਰੰਸਾਂ, ਸੈਮੀਨਾਰਾਂ ਅਤੇ ਗੋਸ਼ਟੀਆਂ ਵਿੱਚ ਜਾ ਕੇ ਸਿੱਖਾਂ ਦੀ ਵਿਦਵਤਾ ਅਤੇ ਸਵੈ–ਪਹਿਚਾਣ ਦਾ ਪ੍ਰਗਟਾਵਾ ਕੀਤਾ । ਦੂਜੇ ਧਰਮਾਂ ਦੇ ਲੋਕਾਂ ਨੇ ਸਿੱਖ ਧਰਮ ਮਾਨਵਤਾ ਦੀ ਸੇਵਾ ਦੇ ਸਿਧਾਂਤ, ਸਿੱਖਾਂ ਦੇ ਇਤਿਹਾਸ ਨੂੰ ਜਾਨਣ ਦੀ ਉਤਸੁਕਤਾ ਤੇ ਜਗਿਆਸਾ ਲਈ ਭਰਪੂਰ ਹੁੰਗਾਰਾ ਦਿੱਤਾ ।ਜਿਸ ਸਦਕਾ ਅੱਜ ਸਿੱਖ ਧਰਮ ਸਰਬ–ਵਿਆਪੀ ਪਹਿਚਾਣ ਬਣਾ ਚੁੱਕਾ ਹੈ ।

ਆਵਾਜ਼ਿ ਕੌਮ
AWAZE QAUM
International Newspaper & WEB TV

ਸੰਤ ਬਾਬਾ ਤੇਜਾ ਸਿੰਘ ਮਸਤੂਆਣਾ ਨੇ ਇਕ ਵਡੇਰਾ ਕਾਰਜ ਕਰਦਿਆਂ ਜੀਵਨ ਕਥਾ ਗੁਰਮੁੱਖ ਪਿਆਰੇ ਸੰਤ ਅਤਰ ਸਿੰਘ ਮਸਤੂਆਣਾ ਪੁਸਤਕ ਰੂਪ ਵਿੱਚ ਪਾਠਕਾਂ ਨੂੰ ਭੇਟ ਕੀਤੀ ।ਇਹ ਪੁਸਤਕ ਇਨ੍ਹਾਂ ਦੇ ਅਕਾਲ ਚਲਾਣੇ ਦੇ ਪਿੱਛੋਂ ਭਾਵ 1970 ਤੋਂ ਬਾਅਦ ਪ੍ਰਕਾਸ਼ਿਤ ਕੀਤੀ ਗਈ ।ਸੰਤ ਬਾਬਾ ਤੇਜਾ ਸਿੰਘ ਮਸਤੂਆਣਾ 5 ਜੁਲਾਈ, 1965 ਈ: ਨੂੰ ਪਿੰਡ ਚੀਮਾ ਵਿਖੇ ਗੁਰਪੁਰੀ ਪਿਆਨਾ ਕਰ ਗਏ ।ਸਿੱਖ ਕੌਮ ਨੂੰ ਸੰਸਾਰ ਦੀਆਂ ਦੂਜੀਆਂ ਕੌਮਾਂ ਦੇ ਹਾਣ ਦਾ ਬਣਾਉਣ ਲਈ ਮੁੱਢਲੀ ਸਿੱਖਿਆ ਤੋਂ ਲੈ ਕੇ ਉਚੇਰੀ ਸਿੱਖਿਆ ਦਾ ਟੀਚਾ ਮਿੱਥ ਕੇ ਆਪਣਾ ਸਮੁੱਚਾ ਜੀਵਨ ਸਫਤ ਤਹਿ ਕੀਤਾ ।ਸੰਤ ਬਾਬਾ ਤੇਜਾ ਸਿੰਘ ਮਸਤੂਆਣਾ ਦੇ ਕਦਮ ਚਿੰਨ੍ਹਾਂ 'ਤੇ ਚੱਲਦਿਆਂ ਸਿੱਖਿਆ ਦੇ ਖੇਤਰ ਵਿੱਚ ਮੂਹਰੀ ਦਰਜਾ ਪ੍ਰਾਪਤ ਕਰਨ ਲਈ ਸਚਖੰਡ ਵਾਸੀ ਸੰਤ ਇਕਬਾਲ ਸਿੰਘ ਬੜੂ ਸਾਹਿਬ ਅਤੇ ਪੰਜਾਬ ਖੇਤੀਬਾੜੀ ਯੂਨੀਵਰਸਿਟੀ ਦੇ ਸਾਬਕਾ ਵਾਈਸ ਚਾਂਸਲਰ ਸਚਖੰਡ ਵਾਸੀ ਗੁਰਮੁਖ ਪਿਆਰੇ ਡਾ: ਖੇਮ ਸਿੰਘ ਗਿੱਲ ਵੀ ਆਪਣਾ ਜੀਵਨ ਲੇਖੇ ਲਾ ਚੁੱਕੇ ਹਨ ।ਅੱਜ ਤੋਂ ਇਸੇ ਮੰਜ਼ਿਲ ਨੂੰ ਸਰ ਕਰਨ ਲਈ ਦੇਸ਼ ਭਰ ਵਿੱਚ ਚੱਲ ਰਹੀਆਂ ਅਕਾਲ ਅਕਾਡਮੀਆਂ ਅਤੇ ਉਚੇਰੀ ਸਿੱਖਿਆ ਲਈ ਦੋ ਯੂਨੀਵਰਸਿਟੀਆਂ ਟਰੱਸਟ ਦੀ ਅਗਵਾਈ ਵਿੱਚ ਆਪਣਾ ਯੋਗਦਾਨ ਪਾ ਰਹੀਆਂ ਹਨ ।ਇਸ ਮਹਾਨ ਹਸਤੀ ਨੂੰ ਸਾਡਾ ਪ੍ਰਣਾਮ। ••




**ਗੁਰਦੁਆਰਾ ਸਾਹਿਬ ਬਾਬਾ ਬੀਰ ਸਿੰਘ ਜੀ ਬਾਬਾ ਧੀਰ ਸਿੰਘ ਜੀ ਤਖ਼ਤ ਸ੍ਰੀ ਦਮਦਮਾ ਸਾਹਿਬ ਤਲਵੰਡੀ ਸਾਬੋ ਵਿਖੇ ਮਿਤੀ 11-05-2025 ਨੂੰ ਕਰਵਾਏ ਗਏ ਅੰਮ੍ਰਿਤ-ਸੰਚਾਰ ਸਮਾਗਮ ਦੌਰਾਨ 242 ਅੰਮ੍ਰਿਤ ਅਭਿਲਾਖੀਆਂ ਨੇ ਖੰਡੇ ਬਾਟੇ ਦੀ ਪਾਹੁਲ ਛਕੀ। ਸਿੰਘ ਸਾਹਿਬ ਬਾਬਾ ਟੇਕ ਸਿੰਘ ਜੀ ਜਥੇਦਾਰ ਤਖ਼ਤ ਸ੍ਰੀ ਦਮਦਮਾ ਸਾਹਿਬ ਵੱਲੋਂ ਅੰਮ੍ਰਿਤ ਛਕਣ ਵਾਲੀ ਸੰਗਤ ਨੂੰ ਵਧਾਈ ਦਿੱਤੀ ਗਈ। (ਫੋਟੋਆਂ ਤੇ ਵੇਰਵਾ : ਆਵਾਜ਼ਿ ਕੌਮ ਬਿਊਰੋ)**

ਆਵਾਜ਼ਿ ਕੌਮ
AWAZE QAUM
International Newspaper & WEB TV
ਸਿੱਖ ਕੌਮ ਅਤੇ ਪੰਜਾਬੀਅਤ ਦਾ ਪਹਿਰੇਦਾਰ
ਆਵਾਜ਼ਿ ਕੌਮ
ਵਿੱਚ ਵਿਸ਼ਵ ਪੱਧਰ 'ਤੇ ਇਸ਼ਤਿਹਾਰ ਦੇਣ ਲਈ ਸੰਪਰਕ ਕਰੋ :
+447458381111 +447976210161 +919729091243

## ਖਾਲਸਿਤਾਨ ਕਮਾਂਡੋ ਫੋਰਸ ਦੇ ਚੋਥੇ ਮੁਖੀ ਸ਼ਹੀਦ ਭਾਈ ਪਰਮਜੀਤ ਸਿੰਘ ਪੰਜਵੜ ਦੇ ਸ਼ਹੀਦੀ ਸਮਾਗਮ ਤੇ ਸਮੂੰਹ ਸ਼ਹੀਦਾਂ ਦੀ ਯਾਦ ਵਿੱਚ

# 11 ਮਈ ਦਿਨ ਐਤਵਾਰ ਗੁਰਦੁਆਰਾ ਸਿੱਖ ਸੈਂਟਰ ਫਰੈਂਕਫੋਰਟ ਵਿੱਚ ਸ਼ਹੀਦੀ ਸਮਾਗਮ ਦੋਰਾਨ ਯੂਰਪ ਦੇ ਵੱਖ ਦੇਸ਼ਾਂ ਤੋਂ ਪੰਥਕ ਬੁਲਾਰੇ ਕੀਰਤਨੀ ਜਥਿਆਂ ਸਮੇਤ ਸੰਗਤਾਂ ਦਾ ਭਾਰੀ ਇਕੱਠ



ਆਵਾਜ਼ਿ ਕੌਮ
AWAZE QAUM
International Newspaper & WEB TV

ਸਿੱਖ ਕੌਮ ਅਤੇ ਪੰਜਾਬੀਅਤ ਦਾ ਪਹਿਰੇਦਾਰ
ਆਵਾਜ਼ਿ ਕੌਮ
ਵਿੱਚ ਵਿਸ਼ਵ ਪੱਧਰ 'ਤੇ ਇਸ਼ਤਿਹਾਰ ਦੇਣ ਲਈ ਸੰਪਰਕ ਕਰੋ :
+447458381111 +447976210161 +919729091243





# ਵਿਦਿਅਰਥੀਆਂ ਲਈ ਨੋਟਸ ਬਣਾਉਣ ਦੀ ਅਹਿਮੀਅਤ



ਅੱਜ-ਕੱਲ੍ਹ ਵਿੱਚ ਜਿੱਥੇ ਜਾਣਕਾਰੀ ਦੀ ਬਹੁਤਾਤ ਹੈ ਅਤੇ ਸਿੱਖਣ ਦੇ ਸਰੋਤ ਸਿਰਫ ਇੱਕ ਕਲਿਕ ਦੂਰ ਹਨ, ਨੋਟਸ ਬਣਾਉਣ ਦੀ ਕਲਾ ਇੱਕ ਪ੍ਰਭਾਵਸ਼ਾਲੀ ਖੁਦ ਸਟੱਡੀ ਲਈ ਇਕ ਅਹਿਮ ਹੁਨਰ ਵਜੋਂ ਉਭਰ ਕੇ ਆਈ ਹੈ।ਵਿਦਿਆਰਥੀ ਜੀਵਨ ਭਰ ਸਿੱਖਣ ਵਾਲੀਆਂ ਆਪਣੀਆਂ ਆਦਤਾਂ ਨੂੰ ਨਿਖਾਰਨ ਦੀ ਕੋਸ਼ਿਸ਼ ਕਰ ਰਹੇ ਹਨ, ਸੁਚੱਜੇ ਅਤੇ ਸੋਚ ਸਮਝ ਕੇ ਬਣਾਏ ਗਏ ਨੋਟਸ ਦਾ ਮਹੱਤਵ ਬੇਹੱਦ ਹੈ।

**ਨੋਟਸ ਬਣਾਉਣ ਦੇ ਮਾਨਸਿਕ ਫਾਇਦੇ :** ਅਧਿਐਨ ਨੇ ਲਗਾਤਾਰ ਦਿਖਾਇਆ ਹੈ ਕਿ ਹੱਥ ਨਾਲ ਨੋਟਸ ਬਣਾ ਲੈਣਾ ਟਾਈਪ ਕਰਨ ਨਾਲੋਂ ਵੱਖਰੇ ਮਾਨਸਿਕ ਪ੍ਰਕਿਰਿਆਵਾਂ ਨੂੰ ਸ਼ਾਮਿਲ ਕਰਦਾ ਹੈ।

Psychological Science- ਜਰਨਲ ਵਿੱਚ ਛਪੇ ਇੱਕ ਅਧਿਐਨ ਦੇ ਅਨੁਸਾਰ, ਉਹ ਵਿਦਿਆਰਥੀ ਜੋ ਹੱਥ ਨਾਲ ਨੋਟ ਬਣਾ ਲੈਂਦੇ ਹਨ, ਉਹ ਆਪਣੇ ਨੋਟਸ ਨੂੰ ਟਾਈਪ ਕਰਨ ਵਾਲੇ ਆਪਣੇ ਸਾਥੀਆਂ ਨਾਲੋਂ ਸੰਕਲਪਾਤਮਕ ਪ੍ਰਸ਼ਨਾਂ 'ਤੇ ਵਧੀਆ ਪ੍ਰਦਰਸ਼ਨ ਕਰਦੇ ਹਨ। ਲਿਖਣ ਦੀ ਕਾਰਵਾਈ ਵਿਅਕਤੀਆਂ ਨੂੰ ਜਾਣਕਾਰੀ ਨੂੰ ਹੋਰ ਡੂੰਘਾਈ ਨਾਲ ਪ੍ਰਕਿਰਿਆ ਕਰਨ ਲਈ ਮਜਬੂਰ ਕਰਦੀ ਹੈ, ਜਿਸ ਨਾਲ ਯਾਦ ਰੱਖਣਾ ਅਤੇ ਸਮਝਣਾ ਸੁਖਾਲਾ ਹੁੰਦਾ ਹੈ।

ਆਵਾਜ਼ਿ ਕੌਮ AWAZE QAUM International Newspaper & WEB TV

**ਯੂਨੀਵਰਸਿਟੀ ਆਫ਼ ਲਰਨਿੰਗ ਦੀ ਸਿੱਖਿਆ ਮਾਨਸਿਕਤਾ ਖੇਤਰ ਦੇ**

ਡਾ. ਐਮੀ ਹਾਰਟਮੈਨ ਨੇ ਖੁਦ ਸਟੱਡੀ ਵਿੱਚ ਨੋਟਸ ਬਣਾ ਲੈਣ ਦੀ ਕੀਮਤ 'ਤੇ ਜ਼ੋਰ ਦਿੱਤਾ।"ਜਦੋਂ ਵਿਦਿਆਰਥੀ ਨੋਟਸ ਬਣਾ ਲੈਂਦੇ ਹਨ, ਉਹ ਸਿਰਫ ਜਾਣਕਾਰੀ ਨੂੰ ਲਿਖ ਰਹੇ ਨਹੀਂ ਹੁੰਦੇ; ਉਹ ਇਸਨੂੰ ਸੰਖੇਪ, ਵਿਵਸਥਿਤ ਅਤੇ ਸੰਸ਼ਲੇਸ਼ਿਤ ਕਰ ਰਹੇ ਹਨ," ਉਹ ਸਮਝਾਉਂਦੀ ਹੈ।"ਇਹ ਸਮੱਗਰੀ ਨਾਲ ਗਤੀਸ਼ੀਲ ਸ਼ਾਮਿਲ ਹੋਣਾ ਨਿਯਮਤ ਸੋਚਣ ਦੀ ਪ੍ਰਕਿਰਿਆ ਨੂੰ ਉਤਸ਼ਾਹਿਤ ਕਰਦਾ ਹੈ ਅਤੇ ਯਾਦ ਰੱਖਣ ਵਿੱਚ ਸੁਧਾਰ ਕਰਦਾ ਹੈ।"

**ਸੰਗਠਨਾਤਮਕ ਹੁਨਰ ਅਤੇ ਸਾਫ਼ਗੀ**

ਪ੍ਰਭਾਵਸ਼ਾਲੀ ਨੋਟਸ ਬਣਾ ਲੈਣਾ ਵੀ ਸੰਗਠਨ ਅਤੇ ਸਾਫ਼ਗੀ ਨੂੰ ਉਤਸ਼ਾਹਿਤ ਕਰਦੀ ਹੈ।ਚਾਹੇ ਰਵਾਇਤੀ ਕਲਮ ਅਤੇ ਕਾਗਜ਼ ਦੇ ਤਰੀਕੇ ਵਰਗੇ ਹੋਣ ਜਾਂ ਡਿਜ਼ੀਟਲ ਸੰਦਾਂ ਜਿਵੇਂ Notion ਜਾਂ OneNote, ਸੰਰਚਿਤ ਨੋਟਸ ਵਿਦਿਆਰਥੀਆਂ ਨੂੰ ਜਾਣਕਾਰੀ ਨੂੰ ਵਰਗਬੱਧ ਕਰਨ ਅਤੇ ਦੁਬਾਰਾ ਪੜ੍ਹਾਈ ਲਈ ਇੱਕ ਸਾਫ਼ ਰੂਪਰੇਖਾ ਬਣਾਉਣ ਵਿੱਚ ਮਦਦ ਕਰਦੀਆਂ ਹਨ। ਕੋਰਨੇਲ ਜਾਂ ਮਾਈਂਡ ਮੈਪਿੰਗ ਵਰਗੀਆਂ ਤਕਨੀਕਾਂ ਸੰਕਲਪਾਂ ਵਿਚਕਾਰ ਦੇ ਰਿਸ਼ਤੇ ਨੂੰ ਦਿਖਾਉਣ ਵਿੱਚ ਮਦਦ ਕਰ ਸਕਦੀਆਂ ਹਨ ਜਿਸ ਨਾਲ ਜਟਿਲ ਵਿਸ਼ਿਆਂ ਨੂੰ ਸਮਝਣਾ ਆਸਾਨ ਹੋ ਜਾਂਦਾ ਹੈ।

"ਚੰਗੇ ਨੋਟਸ ਇੱਕ ਵਿਅਕਤੀਗਤ ਸਟੱਡੀ ਗਾਈਡ ਵਜੋਂ ਕੰਮ ਕਰਦੇ ਹਨ, "ਸੁਰਿੰਦਰਪਾਲ ਸਿੰਘ ਇੱਕ ਹਾਈ ਸਕੂਲ ਵਿਗਿਆਨ ਅਧਿਆਪਕ ਅਤੇ ਖੁਦ ਸਟੱਡੀ ਦੇ ਸਮਰਥਕ ਕਹਿੰਦੇ ਹਨ। "ਉਹ ਵਿਦਿਆਰਥੀਆਂ ਨੂੰ ਮੁੱਖ ਬਿੰਦੂਆਂ ਨੂੰ ਉਜਾਗਰ ਕਰਨ, ਜੁੜਾਵਾਂ ਬਣਾਉਣ, ਅਤੇ ਪੂਰੀਆਂ ਕਿਤਾਬਾਂ ਵਿੱਚੋਂ ਗੁਜ਼ਰਦੇ ਬਿਨਾਂ ਵਿਸ਼ਿਆਂ 'ਤੇ ਦੁਬਾਰਾ ਧਿਆਨ ਕੇਂਦਰਿਤ ਕਰਨ ਦੀ ਆਗਿਆ ਦਿੰਦੇ ਹਨ।"

**ਗਤੀਸ਼ੀਲ ਸਿੱਖਣ ਨੂੰ ਉਤਸ਼ਾਹਿਤ ਕਰਨਾ**

ਖੁਦ ਸਟੱਡੀ ਬਹੁਤ ਵਾਰੀ ਜਾਣਕਾਰੀ ਦੇ ਪੈਸਿਵ ਅਬਜ਼ੋਰਪਸ਼ਨ ਵੱਲ ਲੈ ਜਾ ਸਕਦੀ ਹੈ ਜੇ ਸਿੱਖਣ ਵਾਲੇ ਧਿਆਨ ਨਹੀਂ ਦੇ ਰਹੇ। ਹਾਲਾਂਕਿ, ਨੋਟਸ ਬਣਾ ਲੈਣਾ ਗਤੀਸ਼ੀਲ ਸਿੱਖਣ ਨੂੰ ਉਤਸ਼ਾਹਿਤ ਕਰਦੀ ਹੈ, ਜਿਸ ਨਾਲ ਵਿਅਕਤੀਆਂ ਨੂੰ ਸਮੱਗਰੀ ਨਾਲ ਸ਼ਾਮਿਲ ਹੋਣ ਲਈ ਪ੍ਰੇਰਿਤ ਕੀਤਾ ਜਾਂਦਾ ਹੈ। ਪ੍ਰਸ਼ਨਾਂ ਪੁੱਛਣਾ, ਪੈਰਾ ਨੂੰ ਆਪਣੇ ਸ਼ਬਦਾਂ ਵਿੱਚ ਸੰਖੇਪ ਕਰਨਾ, ਅਤੇ ਡਾਇਗ੍ਰਾਮ ਜਾਂ ਚਾਰਟ ਬਣਾਉਣਾ ਪੈਸਿਵ ਪੜ੍ਹਾਈ ਨੂੰ ਇੱਕ ਇੰਟਰੈਕਟਿਵ ਅਨੁਭਵ ਵਿੱਚ ਬਦਲ ਸਕਦਾ ਹੈ।

"ਗਤੀਸ਼ੀਲ ਸਿੱਖਣਾ ਮਾਹਰਤਾ ਲਈ ਜ਼ਰੂਰੀ ਹੈ," ਡਾ. ਹਾਰਟਮੈਨ ਕਹਿੰਦੀ ਹੈ। "ਜਦੋਂ ਸਿੱਖਣ ਵਾਲੇ ਨੋਟਸ ਬਣਾ ਲੈਂਦੇ ਹਨ, ਉਹ ਜੋ ਉਹ ਪੜ੍ਹ ਰਹੇ ਹਨ ਉਸ ਬਾਰੇ ਸੋਚਣ ਲਈ ਮਜਬੂਰ ਹੁੰਦੇ ਹਨ, ਜਿਸ ਨਾਲ ਵਿਸ਼ੇ ਦੇ ਸਮੱਗਰੀ ਦੀ ਡੂੰਘੀ ਸਮਝ ਬਣਦੀ ਹੈ।"

**ਜੀਵਨ ਭਰ ਸਿੱਖਣ ਦੀ ਆਦਤ ਬਣਾਉਣਾ**

ਅਕਾਦਮਿਕ ਪ੍ਰਦਰਸ਼ਨ ਨੂੰ ਵਧੀਆ ਬਣਾਉਣ ਤੋਂ ਇਲਾਵਾ, ਪ੍ਰਭਾਵਸ਼ਾਲੀ ਨੋਟਸ ਬਣਾ ਲੈਣਾ ਜੀਵਨ ਭਰ ਸਿੱਖਣ ਦੀ ਆਦਤ ਨੂੰ ਉਤਸ਼ਾਹਿਤ ਕਰਦੀ ਹੈ। ਜਿਵੇਂ ਕਿ ਵਿਅਕਤੀ ਆਪਣੇ ਨੋਟਸ ਬਣਾ ਲੈਣ ਦੇ ਹੁਨਰਾਂ ਨੂੰ ਵਿਕਸਤ ਕਰਦੇ ਹਨ, ਉਹ ਵੱਖ-ਵੱਖ ਪ੍ਰਸੰਗਾਂ ਵਿੱਚ ਜਾਣਕਾਰੀ ਨੂੰ ਵਰਗਬੱਧ ਕਰਨ ਵਿੱਚ ਹੋਰ ਕੁਸ਼ਲ ਹੋ ਜਾਂਦੇ ਹਨ ਚਾਹੇ ਉਹ ਪੇਸ਼ਾਵਰ ਵਿਕਾਸ, ਨਿੱਜੀ ਪ੍ਰਾਜੈਕਟ ਜਾਂ ਸ਼ੌਕ ਹੋਵੇ। "ਨੋਟਸ ਬਣਾਉਣਾ ਸਿਰਫ ਵਿਦਿਆਰਥੀਆਂ ਲਈ ਨਹੀਂ; ਇਹ ਕਿਸੇ ਵੀ ਵਿਅਕਤੀ ਲਈ ਇਕ ਕੀਮਤੀ ਹੁਨਰ ਹੈ ਜੋ ਵੱਧਣਾ ਅਤੇ ਸਿੱਖਣਾ ਚਾਹੁੰਦਾ ਹੈ," ਥੌਮਸਨ ਜੋੜਦੇ ਹਨ। "ਚਾਹੇ ਤੁਸੀਂ ਕੋਈ ਵਰਕਸ਼ਾਪ ਵਿੱਚ ਸ਼ਾਮਿਲ ਹੋ ਰਹੇ ਹੋ, ਕੋਈ ਕਿਤਾਬ ਪੜ੍ਹ ਰਹੇ ਹੋ ਜਾਂ ਆਨਲਾਈਨ ਕੋਈ ਨਵੀ ਰੁਚੀ ਖੋਜ ਰਹੇ ਹੋ, ਨੋਟਸ ਬਣਾ ਲੈਣਾ ਤੁਹਾਨੂੰ ਜਾਣਕਾਰੀ ਨੂੰ ਯਾਦ ਰੱਖਣ ਅਤੇ ਆਪਣੇ ਸਿੱਖਣ ਦੇ ਯਾਤਰਾ 'ਤੇ ਵਿਚਾਰ ਕਰਨ ਵਿੱਚ ਮਦਦ ਕਰਦਾ ਹੈ।" ਜਿਵੇਂ ਕਿ ਸਿੱਖਿਆ ਦਾ ਦ੍ਰਿਸ਼ਟੀਕੋਣ ਵਿਕਸਤ ਹੁੰਦਾ ਰਹਿੰਦਾ ਹੈ, ਖੁਦ ਸਟੱਡੀ ਵਿੱਚ ਪ੍ਰਭਾਵਸ਼ਾਲੀ ਨੋਟਸ ਬਣਾ ਲੈਣ ਦਾ ਮਹੱਤਵ ਅਡੋਲ ਰਹਿੰਦਾ ਹੈ। ਇਸ ਹੁਨਰ ਨੂੰ ਸੁਧਾਰ ਕੇ ਸਿੱਖਣ ਵਾਲੇ ਆਪਣੀਆਂ ਮਾਨਸਿਕ ਯੋਗਤਾਵਾਂ ਨੂੰ ਬਿਹਤਰ ਬਣਾ ਸਕਦੇ ਹਨ, ਸੁਚੱਜਤਾ ਵਿੱਚ ਸੁਧਾਰ ਕਰ ਸਕਦੇ ਹਨ, ਸਮੱਗਰੀ ਨਾਲ ਗਤੀਸ਼ੀਲ ਸ਼ਾਮਿਲ ਹੋ ਕੇ ਉਤਸ਼ਾਹਿਤ ਕਰ ਸਕਦੇ ਹਨ, ਅਤੇ ਜੀਵਨ ਭਰ ਸਿੱਖਣ ਦੀ ਦਿਲਚਸਪੀ ਨੂੰ ਵਿਕਸਤ ਕਰ ਸਕਦੇ ਹਨ। ਜਾਣਕਾਰੀ ਨਾਲ ਭਰੇ ਇਸ ਸੰਸਾਰ ਵਿੱਚ ਚੰਗੀ ਤਰ੍ਹਾਂ ਬਣਾਏ ਗਏ ਨੋਟਸ ਕਿਸੇ ਵਿਅਕਤੀ ਦੀ ਪੂਰੀ ਸਮਰੱਥਾ ਨੂੰ ਖੋਲ੍ਹਣ ਦੀ ਕੁੰਜੀ ਹੋ ਸਕਦੇ ਹਨ। ਜਿਵੇਂ ਕਿ ਅਸੀਂ ਇੱਕ ਜਟਿਲ ਜਾਣਕਾਰੀ ਯੁੱਗ ਵਿੱਚ ਅੱਗੇ ਵਧਦੇ ਹਾਂ, ਨੋਟਸ ਬਣਾ ਲੈਣ ਦੀ ਸ਼ਕਤੀ ਨੂੰ ਗ੍ਰਹਿਣ ਕਰਨਾ ਪ੍ਰਭਾਵਸ਼ਾਲੀ ਖੁੱਦ ਸਟੱਡੀ ਅਤੇ ਨਿੱਜੀ ਵਿਕਾਸ ਦਾ ਭਵਿੱਖ ਨਿਰਧਾਰਿਤ ਕਰ ਸਕਦਾ ਹੈ। **-ਸੁਰਿੰਦਰਪਾਲ ਸਿੰਘ, ਸ੍ਰੀ ਅਮ੍ਰਿਤਸਰ ਸਾਹਿਬ।**

# ਰਿਫੌਰਮ ਪਾਰਟੀ ਦੇ ਨੇਤਾ ਵਲੋਂ ਕੀਤੀ ਟਿੱਪਣੀ ਦਾ ਭਾਰਤੀ ਭਾਈਚਾਰੇ ਵਲੋਂ ਵਿਰੋਧ

**ਲੰਡਨ, 11 ਮਈ (ਆਵਾਜ਼ਿ ਕੌਮ ਬਿਊਰੋ)**-ਯੂ.ਕੇ. ਵਿਚ ਇੰਮੀਗ੍ਰੇਸ਼ਨ ਨੂੰ ਲੈ ਕੇ ਹਮੇਸ਼ਾਂ ਚਰਚਾ ਵਿਚ ਰਹਿਣ ਵਾਲੇ ਰਿਫੋਰਮ ਪਾਰਟੀ ਦੇ ਨੇਤਾ ਨਾਈਜ਼ੇਲ ਫੈਰਾਜ਼ ਨੇ ਹੁਣ ਭਾਰਤ ਅਤੇ ਯੂ.ਕੇ. ਵਿਚਕਾਰ ਹੋਏ ਵਪਾਰਕ ਸਮਝੌਤੇ ਦਾ ਵਿਰੋਧ ਕਰਦਿਆਂ ਇਸ ਨੂੰ ਬਰਤਾਨਵੀ ਕਾਮਿਆਂ ਨਾਲ ਭੇਦਭਾਵ ਕਿਹਾ ਹੈ। ਉਨ੍ਹਾਂ ਕਿਹਾ ਕਿ ਇਹ ਵਪਾਰਕ ਸਮਝੌਤਾ ਬਰਤਾਨਵੀ ਕਾਮਿਆਂ ਨਾਲ ਵਿਤਕਰਾ ਕਰਦਾ ਹੈ, ਉਨ੍ਹਾਂ ਨਾਲ ਅਨਿਆਂ ਕਰਦਾ ਹੈ। ਕਿਉਂਕਿ ਇਸ ਸਮਝੌਤੇ ਤਹਿਤ ਯੂ.ਕੇ. ਵਿਚ ਭਾਰਤੀ ਕਾਮਿਆਂ ਨੂੰ ਤਿੰਨ ਸਾਲ ਲਈ ਰਾਸ਼ਟਰੀ ਬੀਮਾ ਭੁਗਤਾਨ ਕਰਨ ਤੋਂ ਛੋਟ ਦਿੰਦਾ ਹੈ। ਜਦਕਿ ਦੂਜੇ ਪਾਸੇ ਬਰਤਾਨਵੀ ਕਾਮਿਆਂ ਦਾ ਰਾਸ਼ਟਰੀ ਬੀਮਾ ਯੋਜਨਾਂ ਵਿਚ ਵਾਧਾ ਕੀਤਾ ਗਿਆ ਹੈ। ਉਨ੍ਹਾਂ ਇਥੋਂ ਤੱਕ ਕਿਹਾ ਕਿ ਪਿਛਲੇ ਦੋ ਸਾਲਾਂ ਵਿਚ 5 ਲੱਖ ਦੇ ਕਰੀਬ ਭਾਰਤੀ ਯੂ.ਕੇ. ਵਿਚ ਪੱਕੇ ਤੌਰ 'ਤੇ ਰਹਿਣ ਆਏ ਹਨ, ਉਨ੍ਹਾਂ ਵਿਚੋਂ ਬਹੁਤੇ ਕੰਮ ਨਹੀਂ ਕਰਦੇ ਤੇ ਸਰਕਾਰੀ ਭੱਤੇ ਪ੍ਰਾਪਤ ਕਰਦੇ ਹਨ। ਇਹ ਸਮਝੌਤਾ ਵਧੇਰੇ ਲੋਕਾਂ ਲਈ ਦਰਵਾਜ਼ੇ ਖੋਲ੍ਹੇਗਾ ਤੇ ਬਰਤਾਨਵੀ ਕਾਮਿਆਂ ਨਾਲੋਂ ਭਾਰਤੀ ਕਾਮਿਆਂ ਨੂੰ ਨੌਕਰੀ 'ਤੇ ਰੱਖਣਾ ਸਸਤਾ ਹੋਵੇਗਾ। ਉਨ੍ਹਾਂ ਕਿਹਾ ਕਿ ਇਹ ਗੁੰਮਰਾਹਕੁੰਨ ਹੈ ਕਿ ਯੂ ਕੇ ਵਿਚ ਨੌਕਰੀਆਂ ਲਈ ਅਰਜ਼ੀ ਦੇਣ ਵਾਲੇ ਜ਼ਿਆਦਾਤਰ ਭਾਰਤੀਆਂ ਨੂੰ ਕੋਈ ਲਾਭ ਹੋਵੇਗਾ। ਜਦੋਂ ਕਿ ਵਪਾਰ ਮੰਤਰੀ ਜੋਨਾਥਨ ਰੇਨੋਲਡਜ਼ ਨੇ ਨਾਈਜ਼ੇਲ ਫਰਾਜ਼ ਦੇ ਦਾਅਵਿਆਂ ਨੂੰ ਗਲਤ ਕਿਹਾ ਹੈ । ਉਨ੍ਹਾਂ ਕਿਹਾ ਕਿ ਇਹ ਸੌਦਾ 15 ਸਾਲਾਂ ਦੇ ਅੰਦਰ 4.8 ਬਿਲੀਅਨ ਅਰਥ ਵਿਵਸਥਾ ਵਿਚ ਵਾਧਾ ਕਰੇਗਾ। ਦੂਜੇ ਪਾਸੇ ਬ੍ਰਿਟ ਇੰਡੀਅਨ ਕੌਂਸਲਰ ਐਸੋਸੀਏਸ਼ਨ ਦੇ ਜਨਰਲ ਸਕੱਤਰ ਕੌਂਸਲਰ ਰਾਜੂ ਸੰਸਾਰਪੁਰੀ ਨੇ ਕਿਹਾ ਹੈ ਕਿ ਭਾਰਤੀ ਮਿਹਨਤੀ ਲੋਕ ਹਨ ਅਤੇ ਉਨ੍ਹਾਂ ਦੀ ਸਰਕਾਰੀ ਲੈਣ ਦੀ ਹੋਰਾਂ ਭਾਈਚਾਰਿਆਂ ਮੁਤਾਬਿਕ ਅਨੁਪਾਤ ਨਾ- ਮਾਤਰ ਹੈ। ਉਨ੍ਹਾਂ ਨਾਈਜ਼ੇਲ ਫੈਰਾਜ਼ ਵਲੋਂ ਕੀਤੀ ਗਈ ਟਿੱਪਣੀ ਦੀ ਸਖ਼ਤ ਨਿੰਦਾ ਕੀਤੀ ਹੈ।


ਰਿਫੌਰਮ ਪਾਰਟੀ ਨੇਤਾ ਨਾਈਜ਼ੇਲ ਫੈਰਾਜ਼ ਤੇ ਕੌਂਸਲਰ ਰਾਜੂ ਸੰਸਾਰਪੁਰੀ।

ਆਵਾਜ਼ਿ ਕੌਮ AWAZE QAUM International Newspaper & WEB TV

ਹਜ਼ਾਰਾਂ ਲੋਕਾਂ ਨੇ

# ਯੂ.ਕੇ. ਸਮੈਥਿਕ ਦੇ ਵਿਕਟੋਰੀਆ ਪਾਰਕ ਵਿੱਚ ਵਿਸਾਖੀ ਮਨਾਈ

## ਸ਼ੁਰੂਆਤ ਇੱਕ ਇਤਿਹਾਸਕ ਨਗਰ ਕੀਰਤਨ ਨਾਲ ਹੋਈ ਜੋ ਗੁਰੂ ਨਾਨਕ ਗੁਰਦੁਆਰਾ ਸਮੈਥਿਕ ਤੋਂ ਨਿਕਲਿਆ























(ਹੋਰ ਤਸਵੀਰਾਂ ਅਗਲੇ ਪੰਨਿਆਂ 'ਤੇ)

**ਸਮੈਥਿਕ (ਯੂ.ਕੇ.), 12 ਮਈ (ਆਵਾਜ਼ਿ ਕੌਮ ਬਿਊਰੋ)**-11 ਮਈ ਐਤਵਾਰ ਨੂੰ 50,000 ਤੋਂ ਵੱਧ ਲੋਕ ਸਮੈਥਿਕ ਦੇ ਵਿਕਟੋਰੀਆ ਪਾਰਕ ਵਿੱਚ ਇਕੱਠੇ ਹੋਏ, ਜਿੱਥੇ ਉਨ੍ਹਾਂ ਨੇ 'ਵਿਸਾਖੀ ਇਨ ਦ ਪਾਰਕ 2025' ਮਨਾਈ - ਜੋ ਕਿ ਯੂਨਾਈਟਡ ਕਿੰਗਡਮ ਦੀ ਸਭ ਤੋਂ ਵੱਡੀ ਖੁੱਲ੍ਹੀ ਵਿਸਾਖੀ ਮਨਾਉਣ ਵਾਲੀ ਸਮਾਰੋਹ ਸੀ ਅਤੇ ਭਾਰਤ ਤੋਂ ਬਾਹਰ ਇਸ ਤਰ੍ਹਾਂ ਦਾ ਇਕੱਲਾ ਪ੍ਰੋਗਰਾਮ। ਸੁੰਦਰ ਧੁੱਪ ਵਿੱਚ ਨ੍ਹਾਅ ਰਹੀ ਵਿਸਾਖੀ ਦੀ ਇਹ ਦਿਹਾੜੀ ਆਤਮਕਤਾ, ਸਭਿਆਚਾਰ ਅਤੇ ਏਕਤਾ ਨਾਲ ਭਰਪੂਰ ਰਹੀ, ਜਿਸ ਨੇ ਹਰ ਉਮਰ, ਧਰਮ ਅਤੇ ਪਿਛੋਕੜ ਦੇ ਲੋਕਾਂ ਨੂੰ ਇਕੱਠਾ ਕੀਤਾ। ਦਿਨ ਦੀ ਸ਼ੁਰੂਆਤ ਇੱਕ ਇਤਿਹਾਸਕ ਨਗਰ ਕੀਰਤਨ ਨਾਲ ਹੋਈ ਜੋ ਗੁਰੂ ਨਾਨਕ ਗੁਰਦੁਆਰਾ ਸਮੈਥਿਕ ਤੋਂ ਨਿਕਲਿਆ। ਇਹ ਪਹਿਲੀ ਵਾਰੀ ਸੀ ਕਿ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਨੂੰ ਇੱਕ ਸੁੰਦਰ ਸੋਨੇ ਦੀ ਪਾਲਕੀ ਵਿੱਚ ਅਗਵਾਈ ਕਰਦੇ ਹੋਏ ਲਿਆਂਦਾ ਗਿਆ, ਜਿਸ ਨੇ ਸੈਂਡਵੈਲ ਦੀਆਂ ਸੜਕਾਂ ਵਿੱਚ ਵੱਡੀ ਭੀੜ ਖਿੱਚ ਲਈ। ਸਵੇਰੇ 10:30 ਵਜੇ ਤੋਂ, ਵਿਕਟੋਰੀਆ ਪਾਰਕ ਉਤਸਾਹ ਅਤੇ ਜਸ਼ਨ ਦਾ ਕੇਂਦਰ ਬਣ ਗਿਆ, ਜਿੱਥੇ ਦੁਨੀਆ ਭਰ ਤੋਂ ਆਏ ਮਸ਼ਹੂਰ ਜਥਿਆਂ ਵੱਲੋਂ ਕੀਰਤਨ ਹੋਇਆ - ਜਿਸ ਵਿੱਚ ਪੰਜਾਬ ਦੇ ਸ੍ਰੀ ਦਰਬਾਰ ਸਾਹਿਬ ਤੋਂ ਵੀ ਜਥੇ ਸ਼ਾਮਲ ਸਨ। ਸੰਗਤ ਨੇ ਲੰਗਰ, ਸਮੂਦਾਇਕ ਸਟਾਲਾਂ ਅਤੇ ਵਿਸ਼ੇਸ਼ ਤੌਰ 'ਤੇ ਬਣਾਏ ਗਏ 'ਆਰਟਸ ਵਿਲੇਜ' ਦਾ ਆਨੰਦ ਲਿਆ, ਜਿੱਥੇ ਨੌਜਵਾਨਾਂ ਅਤੇ ਪੰਜਾਬੀ ਸਭਿਆਚਾਰ ਨਾਲ ਨਵੇਂ ਜੁੜੇ ਲੋਕਾਂ ਨੇ ਰੰਗੋਲੀ, ਪੰਜਾਬੀ ਭਾਸ਼ਾ ਵਰਕਸ਼ਾਪਾਂ ਅਤੇ ਪਰੰਪਰਾਗਤ ਵਾਜਿਆਂ ਨਾਲ ਹੱਥੋਂ ਹੱਥ ਤਜਰਬਾ ਕੀਤਾ। ਇਸ ਸਾਲ ਦੇ ਸਮਾਗਮ ਨੂੰ ਸਮੂਦਾਇਕ ਏਕਤਾ ਦੀ ਇੱਕ ਚਮਕਦਾਰ ਮਿਸਾਲ ਵਜੋਂ ਬਹੁਤ ਪਸੰਦ ਕੀਤਾ ਗਿਆ, ਜਿਸ ਵਿੱਚ ਯੂ.ਕੇ. ਦੇ ਹਰ ਹਿੱਸੇ ਤੋਂ ਹਜ਼ਾਰਾਂ ਲੋਕ ਹਾਜ਼ਰ ਹੋਏ। ਦਿਨ ਦੀ ਉਤਸ਼ਾਹਨਾ, ਖੁਸ਼ੀ ਅਤੇ ਆਤਮਿਕ ਰੂਹ ਨੂੰ ਸਿਰਫ਼ ਸਿੱਖ ਵਿਰਾਸਤ ਨੂੰ ਮਨਾਉਣ ਦੇ ਮਾਣ ਨਾਲ ਹੀ ਤੁਲਨਾ ਕੀਤੀ ਜਾ ਸਕਦੀ ਸੀ। ਅਸੀਂ ਆਪਣੇ ਸਾਰੇ ਸੇਵਾਦਾਰਾਂ, ਸਪਾਂਸਰਾਂ, ਸੁਰੱਖਿਆ ਟੀਮਾਂ ਅਤੇ ਵੱਡੇ ਪੱਧਰ ਦੇ ਭਾਈਚਾਰੇ ਦਾ ਦਿਲੋਂ ਧੰਨਵਾਦ ਕਰਦੇ ਹਾਂ, ਜਿਨ੍ਹਾਂ ਦੀ ਲਗਾਤਾਰ ਸਹਿਯੋਗ ਨਾਲ ਇਹ ਸਾਲ ਦੀ ਵਿਸਾਖੀ ਸਭ ਤੋਂ ਯਾਦਗਾਰ ਬਣੀ। ••

ਹਜ਼ਾਰਾਂ ਲੋਕਾਂ ਨੇ

# ਯੂ.ਕੇ. ਸਮੈਥਿਕ ਦੇ ਵਿਕਟੋਰੀਆ ਪਾਰਕ ਵਿੱਚ ਵਿਸਾਖੀ ਮਨਾਈ

**ਸੰਗਤ ਨੇ ਲੰਗਰ, ਸਮੁਦਾਇਕ ਸਟਾਲਾਂ ਅਤੇ ਵਿਸ਼ੇਸ਼ ਤੌਰ 'ਤੇ ਬਣਾਏ ਗਏ 'ਆਰਟਸ ਵਿਲੇਜ' ਦਾ ਆਨੰਦ ਲਿਆ, ਜਿੱਥੇ ਨੌਜਵਾਨਾਂ ਅਤੇ ਪੰਜਾਬੀ ਸਭਿਆਚਾਰ ਨਾਲ ਨਵੇਂ ਜੁੜੇ ਲੋਕਾਂ ਨੇ ਰੰਗੋਲੀ, ਪੰਜਾਬੀ ਭਾਸ਼ਾ ਵਰਕਸ਼ਾਪਾਂ ਅਤੇ ਪਰੰਪਰਾਗਤ ਵਾਜਿਆਂ ਨਾਲ ਹੱਥੋਂ ਹੱਥ ਤਜਰਬਾ ਕੀਤਾ**











ਆਵਾਜ਼ਿ ਕੌਮ AWAZE QAUM International Newspaper & WEB TV




















ਹਜ਼ਾਰਾਂ ਲੋਕਾਂ ਨੇ

# ਯੂ.ਕੇ. ਸਮੈਥਿਕ ਦੇ ਵਿਕਟੋਰੀਆ ਪਾਰਕ ਵਿੱਚ ਵਿਸਾਖੀ ਮਨਾਈ

**ਸਾਰੇ ਸੇਵਾਦਾਰਾਂ, ਸਪਾਂਸਰਾਂ, ਸੁਰੱਖਿਆ ਟੀਮਾਂ ਅਤੇ ਵੱਡੇ ਪੱਧਰ ਦੇ ਭਾਈਚਾਰੇ ਦਾ ਦਿਲੋਂ ਧੰਨਵਾਦ ਕਰਦੇ ਹਾਂ, ਜਿਨ੍ਹਾਂ ਦੀ ਲਗਾਤਾਰ ਸਹਿਯੋਗ ਨਾਲ ਇਹ ਸਾਲ ਦੀ ਵਿਸਾਖੀ ਸਭ ਤੋਂ ਯਾਦਗਾਰ ਬਣੀ**
















ਪੰਥ ਪ੍ਰਸਿੱਧ ਸਿੱਖ ਪ੍ਰਚਾਰਕ
ਜਥੇਦਾਰ ਬਲਜੀਤ ਸਿੰਘ ਦਾਦੂਵਾਲ ਜੀ ਨੂੰ
ਮੈਂਬਰਾਂ ਨੇ ਬਹੁਮੱਤ ਨਾਲ ਹਰਿਆਣਾ
ਸਿੱਖ ਗੁਰਦੁਆਰਾ ਪ੍ਰਬੰਧਕ ਕਮੇਟੀ
ਦੇ ਮੈਂਬਰ ਨਾਮਜ਼ਦ ਹੋਣ ਤੇ
ਆਵਾਜ਼ਿ ਕੌਮ AWAZE QAUM International Newspaper & WEB TV
ਲੱਖ ਲੱਖ ਵਧਾਈਆਂ
ਅਵਤਾਰ ਸਿੰਘ ਚਾਂਦਪੁਰਾ
ਬਾਬਾ ਪ੍ਰਦੀਪ ਸਿੰਘ ਚਾਂਦਪੁਰਾ
ਪੰਥਕ ਸੇਵਾ ਲਹਿਰ ਦਾਦੂ ਸਾਹਿਬ


ਸਿੱਖ ਕੋਮ ਦੇ ਮਹਾਨ ਵਿਦਵਾਨ। ਸਿੱਖ ਕੋਮ ਦੀ ਪੰਥ ਪ੍ਰਸਿੱਧ ਸਖਸ਼ੀਅਤ
ਜਥੇਦਾਰ ਬਲਜੀਤ ਸਿੰਘ ਦਾਦੂਵਾਲ
ਜੀ ਨੂੰ ਅੱਜ ਜਿੱਤੇ ਹੋਏ ਮੈਂਬਰਾ ਨੇ ਬਹੁਮਤ ਨਾਲ ਹਰਿਆਣਾ ਸਿੱਖ
ਗੁਰਦੁਆਰਾ ਪ੍ਰਬੰਧਕ ਕਮੇਟੀ ਵਿਚ ਕੀਤਾ ਨਾਮਜਦ
ਸਿੱਖ ਸੰਗਤ ਵਿਚ ਖੁਸ਼ੀ ਦੀ ਲਹਿਰ
ਜਥੇਦਾਰ ਬਲਜੀਤ ਸਿੰਘ ਦਾਦੂਵਾਲ
ਚੇਅਰਮੈਨ ਧਰਮ ਪ੍ਰਚਾਰ ਹਰਿਆਣਾ ਸਿੱਖ
ਗੁਰਦੁਆਰਾ ਪ੍ਰਬੰਧਕ ਕਮੇਟੀ
ਪ੍ਰਧਾਨ ਸ਼੍ਰੋਮਣੀ ਅਕਾਲੀ ਦਲ ਆਜਾਦ
ਆਵਾਜ਼ਿ ਕੌਮ AWAZE QAUM International Newspaper & WEB TV


ਵਾਹਿਗੁਰੂ ਜੀ ਕਾ ਖਾਲਸਾ, ਵਾਹਿਗੁਰੂ ਜੀ ਕੀ ਫਤਿਹ
Congratulations to
Jathedar Baljit Singh Daduwal
To Be Nominated As a
Member of
Haryana Sikh Gurdwara
Management Committee
ਆਵਾਜ਼ਿ ਕੌਮ
AWAZE QAUM
International Newspaper & WEB TV
PRABHJOT SINGH CHANDHOK
SANGAT DA SEWADAR
(GURGAON)
9810105775



## ਹਰਿਆਣਾ ਸਿੱਖ ਗੁਰਦੁਆਰਾ ਮੈਨੇਜਮੈਂਟ ਕਮੇਟੀ ਦੇ ਧਰਮਪ੍ਰਚਾਰ ਕਮੇਟੀ ਦੇ ਚੇਅਰਮੈਨ ਅਤੇ ਪੰਥਕ ਪ੍ਰਚਾਰਕ ਜਥੇਦਾਰ ਭਾਈ ਬਲਜੀਤ ਸਿੰਘ ਜੀ ਦਾਦੂਵਾਲ ਨੂੰ ਹਰਿਆਣਾ ਸਿੱਖ ਗੁਰਦੁਆਰਾ ਮੈਨੇਜਮੈਂਟ ਕਮੇਟੀ ਦਾ ਮੈਬਰ ਨਾਮਜ਼ਦ ਹੋਣ 'ਤੇ ਬਹੁਤ ਬਹੁਤ ਮੁਬਾਰਕਬਾਦ।



**ਭਾਈ ਰਘਵੀਰ ਸਿੰਘ ਵਾਲਸਾਲ**
ਆਵਾਜ਼ਿ-ਕੌਮ ਅੰਤਰ-ਰਾਸ਼ਟਰੀ ਅਖ਼ਬਾਰ
ਤੇ ਵੈਬ ਚੈਨਲ
ਪ੍ਰਧਾਨ, ਇੰਟਰਨੈਸ਼ਨਲ ਪੰਥਕ ਦਲ, ਯੂ. ਕੇ.

ਆਵਾਜ਼ਿ ਕੌਮ AWAZE QAUM International Newspaper & WEB TV

ਬਰਸਾਤੀ ਮੌਸਮ ਦੇ ਸ਼ੁਰੂ ਹੁੰਦਿਆਂ ਹੀ ਪਿੰਡ ਪਠਲਾਵਾ, ਸੂਰਾਪੁਰ, ਐਮਾਂ ਜਟਾਂ ਅਤੇ ਪੋਸ਼ੀ ਦੇ ਪਿੰਡਾ ਦੀਆਂ ਜਨਤਕ ਥਾਵਾਂ 'ਤੇ

# ਬੂਟੇ ਲਗਾਉਣ ਦੀ ਦੀ ਇਕ ਵਿਸ਼ੇਸ਼ ਮੁਹਿੰਮ ਨੂੰ ਅੰਜ਼ਾਮ ਦਿੱਤਾ ਜਾਵੇਗਾ



ਬਰਸਾਤੀ ਮੌਸਮ ਦੇ ਸ਼ੁਰੂ ਹੁੰਦਿਆਂ ਹੀ ਪਿੰਡ ਪਠਲਾਵਾ, ਸੂਰਾਪੁਰ, ਐਮਾਂ ਜਟਾਂ, ਅਤੇ ਪੋਸ਼ੀ ਦੇ ਪਿੰਡਾ ਦੀਆਂ ਜਨਤਕ ਥਾਵਾਂ ਤੇ ਬੂਟੇ ਲਗਾਉਣ ਦੀ ਦੀ ਇਕ ਵਿਸ਼ੇਸ਼ ਮੁਹਿੰਮ ਨੂੰ ਅੰਜ਼ਾਮ ਦਿੱਤਾ ਜਾਵੇਗਾ ਇਹਨਾਂ ਵਿਚਾਰਾਂ ਦਾ ਪ੍ਰਗਟਾਵਾ ਸ ਇੰਦਰਜੀਤ ਸਿੰਘ ਵਾਰੀਆ, ਚੇਅਰਮੈਨ ਏਕ ਨੂਰ ਸਵੈ ਸੇਵੀ ਸੰਸਥਾ ਪਠਲਾਵਾ ਨੇ ਸੰਸਥਾ ਦੀ ਇਕ ਮਹੱਤਵਪੂਰਨ ਹੋਈ ਪ੍ਰਭਾਵਸ਼ਾਲੀ ਮੀਟਿੰਗ ਵਿੱਚ ਸੰਸਥਾ ਦੇ ਸਮੂਹ ਅਹੁਦੇਦਾਰ ਅਤੇ ਮੈਂਬਰਾਨ ਸਮੇਂਤ ਇਸਤਰੀ ਵਿੰਗ ਨੂੰ ਮੁਖ਼ਾਤਿਬ ਹੁੰਦਿਆਂ ਕਹੇ। ਸ ਵਾਰੀਆ ਨੇ ਅੱਗੇ ਆਖਿਆ ਕਿ ਕਣਕ ਦੀ ਕਟਾਈ ਦਾ ਸੀਜ਼ਨ ਖਤਮ ਹੋ ਚੁੱਕਾ ਹੈ ਤੇ ਕਿਸਾਨ ਭਰਾਵਾਂ ਨੇ ਕਣਕ ਦੀ ਨਾੜ ਨੂੰ ਅੱਗ ਨਹੀਂ ਲਗਾਈ ਜੋਂ ਕਿ ਬੁਹਤ ਚੰਗੀ ਗੱਲ ਹੈ। ਝੋਨੇ ਦੀ ਲਵਾਈ ਤੋਂ ਪਹਿਲਾਂ ਖੇਤਾਂ ਨੂੰ ਪਾਣੀ ਨਾਲ ਡੱਕੋ ਡੱਕ ਭਰਕੇ ਠੰਡੇ ਕਰਨਾ ਪਾਣੀ ਦੀ ਬੁਹਤ ਵੱਡੀ ਬਰਬਾਦੀ ਹੈ ਇਸ ਪਾਸੇ ਵੱਲ ਵੀ ਕਿਸਾਨ ਭਰਾਵਾਂ ਨੂੰ ਸੋਚਣ ਦੀ ਲੋੜ ਹੈ ਇਸ ਅਵਸਰ ਤੇ ਬੋਲਦਿਆਂ ਸੰਸਥਾ ਦੇ ਬੁਲਾਰਿਆਂ ਜਿਨਾਂ ਵਿਚ ਲੈਕਚਰਾਰ ਤਰਸੇਮ ਪਠਲਾਵਾ, ਸਤਨਾਮ ਸਿੰਘ ਯੂ ਐਸ ਏ, ਸੰਦੀਪ ਕੁਮਾਰ ਗੌੜ , ਬਲਵੀਰ ਸਿੰਘ ਯੂ ਕੇ, ਤਰਲੋਚਨ ਸਿੰਘ ਵਾਰੀਆ, ਡਾ ਪਰਮਿੰਦਰ ਸਿੰਘ ਵਾਰੀਆ, ਪਰਵਿੰਦਰ ਸਿੰਘ ਰਾਣਾ, ਮਾ ਸੁਰਿੰਦਰ ਸਿੰਘ ਕਰਮ, ਅਤੇ ਅਮਰਜੀਤ ਸਿੰਘ ਸੂਰਾਪੁਰ ਨੇ ਸਾਂਝੇ ਤੌਰ ਤੇ ਆਖਿਆ ਕਿ ਪੰਜਾਬ ਦੀ ਧਰਤੀ ਤੇ ਕੁਦਰਤੀ ਸਰੋਤਾਂ ਦੀ ਹੋ ਰਹੀ ਬਰਬਾਦੀ ਪੰਜਾਬ ਨੂੰ ਕਿਸੇ ਵੱਡੇ ਖ਼ਤਰੇ ਵੱਲ ਲਿਜਾ ਰਹੀ ਹੈ। ਇਸ ਵਿਸੇ ਤੇ ਸਮੂਹ ਵਾਤਾਵਰਨ ਪ੍ਰੇਮੀਆਂ, ਸਮਾਜ ਸੇਵੀ ਸੰਸਥਾਵਾਂ, ਸਰਕਾਰਾਂ ਅਤੇ ਕਿਸਾਨਾਂ ਨੂੰ ਰਲ ਕੇ ਕੰਮ ਕਰਨਾ ਹੋਵੇਗਾ। ਏਕ ਨੂਰ ਸੰਸਥਾ ਪਠਲਾਵਾ ਦੇ ਸਮੂਹ ਅਹੁਦੇਦਾਰਾਂ ਨੇ ਪਿਛਲੇ ਸਾਲਾਂ ਤੋਂ ਆਪਣੇ ਆਪਣੇ ਖੇਤਾਂ ਵਿਚ ਝੋਨਾ ਨਾ ਲਾਉਣ ਦੀ ਪਹਿਲ ਕਦਮੀ ਦਾ ਐਲਾਨ ਪਹਿਲਾਂ ਹੀ ਕੀਤਾ ਹੋਇਆ ਹੈ ਅੱਜ ਸਮਾਂ ਮੰਗ ਕਰਦਾ ਹੈ ਕਿ ਝੋਨੇ ਦੇ ਬਦਲ ਲਈ ਫ਼ਸਲੀ ਵਿਭਿੰਨਤਾ ਨੂੰ ਉਤਸ਼ਾਹਿਤ ਕੀਤਾ ਜਾਵੇ ਜੋ ਕਿ ਬੁਹਤ ਜ਼ਰੂਰੀ ਹੈ ਇਸ ਅਵਸਰ ਤੇ ਹੋਰਨਾਂ ਤੋਂ ਇਲਾਵਾ ਸੰਸਥਾ ਦੇ ਸਰਪ੍ਰਸਤ ਸ ਬਲਵੀਰ ਸਿੰਘ ਐਕਸ ਆਰਮੀ, ਆਤਮਾਂ ਸਿੰਘ ਸੂਰਾਪੁਰ, ਪ੍ਰੋ ਚਰਨਜੀਤ ਸਿੰਘ ਪੋਸੀ, ,ਡਾ ਕੁਲਦੀਪ ਰਾਜ ਬੰਗਾ, ਮੀਡੀਆ ਇੰਚਾਰਜ ਹਰਜੀਤ ਸਿੰਘ ਜੀਤਾ, ਬਲਜੀਤ ਸਿੰਘ ਪਠਲਾਵਾ, ਰਜਿੰਦਰ ਸਿੰਘ ਜਿੰਦਾ ਰਾਜੂ, ਦੀਪ ਮੁਰਾਦਾਬਾਦੀ, ਮੈਡਮ ਕੁਲਵਿੰਦਰ ਕੌਰ ਵਾਰੀਆ, ਮੈਡਮ ਜਸਵੀਰ ਕੌਰ ਵਾਰੀਆ, ਮੈਡਮ ਸਰਬਜੀਤ ਕੌਰ ਪਠਲਾਵਾ, ਰੇਸ਼ਮ ਕੌਰ ਪੋਸੀ, ਬਲਵਿੰਦਰ ਕੌਰ, ਮੈਡਮ ਸਾਰਿਕਾ ਸੋਨੀ ਸੁਜੋਂ, ਅਤੇ ਮੈਡਮ ਤਾਰਿਕਾ ਸੋਨੀ ਸੁਜੋਂ ਹਾਜਿਰ ਸਨ

**ਵਿਸ਼ੇਸ਼ ਰਿਪੋਰਟ : ਹਰਪ੍ਰੀਤ ਸਿੰਘ ਪਠਲਾਵਾ**

# ਜਮੀਨ ਪਿੱਛੇ ਕਿਸਾਨ ਆਗੂ ਦਾ ਪੁੱਤਰ ਵੱਲੋਂ ਕਹੀ ਮਾਰਕੇ ਕੀਤਾ ਕਤਲ



ਤਲਵੰਡੀ ਸਾਬੋ, 12 ਮਈ (ਗੁਰਜੰਟ ਸਿੰਘ ਨਥੇਹਾ)- ਸਬ ਡਵੀਜ਼ਨ ਤਲਵੰਡੀ ਸਾਬੋ 'ਚ ਜਮੀਨੀ ਵਿਵਾਦ ਦੇ ਚੱਲਦਿਆਂ ਇੱਕ ਪੁੱਤ ਵੱਲੋਂ ਆਪਣੇ ਦੋਸਤਾਂ ਨਾਲ ਮਿਲਕੇ ਆਪਣੇ ਪਿਤਾ ਨੂੰ ਕਹੀ ਨਾਲ ਵੱਢਣ ਦਾ ਮਾਮਲਾ ਸਾਹਮਣੇ ਆਇਆ ਹੈ। ਪੁੱਤ ਦੇ ਇਸ ਹਮਲੇ ਵਿਚ ਗੰਭੀਰ ਜਖ਼ਮੀ ਹੋਏ ਪਿਤਾ ਨੇ ਹਸਪਤਾਲ ਅੰਦਰ ਦਮ ਤੋੜ ਦਿੱਤਾ, ਜਿਸਤੋਂ ਬਾਅਦ ਤਲਵੰਡੀ ਸਾਬੋ ਪੁਲਿਸ ਨੇ ਕਾਤਲ ਪੁੱਤ ਵਿਰੁਧ ਪਰਚਾ ਦਰਜ਼ ਕਰਕੇ ਉਸਨੂੰ ਗ੍ਰਿਫਤਾਰ ਕਰਨ ਲਈ ਛਾਪੇਮਾਰੀ ਸ਼ੁਰੂ ਕਰ ਦਿੱਤੀ ਹੈ। ਮ੍ਰਿਤਕ ਪਿਤਾ ਦੀ ਪਹਿਚਾਣ ਦਵਿੰਦਰ ਸਿੰਘ ਸਰਾਂ ਵਜੋਂ ਹੋਈ ਹੈ, ਜੋਕਿ ਇਲਾਕੇ ਦਾ ਸਰਗਰਮ ਕਿਸਾਨ ਆਗੂ ਵੀ ਸੀ। ਇਹ ਵੀ ਪਤਾ ਲੱਗਿਆ ਹੈ ਕਿ ਮ੍ਰਿਤਕ ਦਵਿੰਦਰ ਸਿੰਘ ਸਾਲ 2022 ਦੀਆਂ ਚੋਣਾਂ ਦੌਰਾਨ ਕਿਸਾਨ ਮੋਰਚੇ ਵੱਲੋਂ ਤਲਵੰਡੀ ਸਾਬੋ ਹਲਕੇ ਤੋਂ ਵਿਧਾਨ ਸਭਾ ਦੀ ਚੋਣ ਵੀ ਲੜਿਆ ਸੀ। ਦਸਿਆ ਜਾ ਰਿਹਾ ਕਿ ਇਸ ਕਤਲ ਕਾਂਡ ਵਿਚ ਪੁੱਤ ਦੇ ਕਈ ਹੋਰ ਸਾਥੀ ਵੀ ਸ਼ਾਮਲ ਹੋ ਸਕਦੇ ਹਨ, ਜਿਸਦੀ ਪੁਲਿਸ ਵੱਲੋਂ ਜਾਂਚ ਕੀਤੀ ਜਾ ਰਹੀ ਹੈ। ਤਲਵੰਡੀ ਸਾਬੋ ਦੇ ਡੀਐਸਪੀ ਰਾਜੇਸ਼ ਸਨੇਹੀ ਨੇ ਇਸ ਘਟਨਾ ਦੀ ਪੁਸ਼ਟੀ ਕਰਦਿਆਂ ਦਸਿਆ ਕਿ ਮੁਢਲੀ ਪੜਤਾਲ ਮੁਤਾਬਕ ਦੋਨਾਂ ਪਿਉ-ਪੁੱਤਾਂ ਵਿਚਕਾਰ ਜ਼ਮੀਨ ਨੂੰ ਲੈ ਕੇ ਝਗੜਾ ਚੱਲ ਰਿਹਾ ਸੀ। ਇਸ ਕਾਰਨ ਹੀ ਬੀਤੀ ਸ਼ਾਮ ਆਰੋਪੀ ਪੁੱਤਰ ਅਮਨਿੰਦਰ ਸਿੰਘ ਨੇ ਆਪਣੇ ਪਿਤਾ 'ਤੇ ਕਹੀ ਨਾਲ ਹਮਲਾ ਕਰ ਦਿੱਤਾ ਤੇ ਉਸਨੂੰ ਬੁਰੀ ਤਰ੍ਹਾਂ ਕੁੱਟ-ਮਾਰ ਕੇ ਜਖ਼ਮੀ ਕਰ ਦਿੱਤਾ, ਜਿਸਨੂੰ ਹਸਪਤਾਲ ਵਿੱਚ ਦਾਖਲ ਕਰਵਾਇਆ ਗਿਆ। ਪ੍ਰੰਤੂ ਅੱਜ ਸੋਮਵਾਰ ਨੂੰ ਇਲਾਜ ਦੌਰਾਨ ਉਸਦੀ ਮੌਤ ਹੋ ਗਈ। ਡੀਐਸਪੀ ਤਲਵੰਡੀ ਸਾਬੋ ਸ਼੍ਰੀ ਰਾਜੇਸ਼ ਸਨੇਹੀ ਮੁਤਾਬਕ ਇਸ ਮਾਮਲੇ ਵਿਚ ਮ੍ਰਿਤਕ ਦਵਿੰਦਰ ਸਿੰਘ ਵਾਸੀ ਗੁਰੂਸਰ ਜਗਾ ਦੀ ਪਤਨੀ ਸੁਖਵਿੰਦਰ ਕੌਰ ਦੇ ਬਿਆਨਾਂ ਉਪਰ ਤਲਵੰਡੀ ਸਾਬੋ ਪੁਲਿਸ ਵੱਲੋਂ ਪਹਿਲਾਂ 109, 115(2), 3(5) ਬੀ.ਐਨ.ਐਸ. ਤਹਿਤ ਅਮਨਿੰਦਰ ਸਿੰਘ ਵਾਸੀ ਗੁਰੂਸਰ ਜਗਾ, ਤਰਲੋਕ ਸਿੰਘ ਤੇ ਹੈਮਲੀ ਵਾਸੀ ਭਾਗੀਵਾਂਦਰ ਵਿਰੁਧ ਪਰਚਾ ਦਰਜ਼ ਕੀਤਾ ਜਾ ਚੁੱਕਿਆ ਸੀ, ਜਿਸ ਵਿਚ ਹੁਣ 103 ਬੀ.ਐਨ.ਐਸ ਦਾ ਵਾਧਾ ਕੀਤਾ ਗਿਆ ਹੈ।

## ਸੰਗਤਾਂ ਦੇ ਚੁਣੇ ਨੁਮਾਇੰਦਿਆਂ ਵੱਲੋਂ ਜਥੇਦਾਰ ਦਾਦੂਵਾਲ ਜੀ ਨੂੰ ਸਰਬਸੰਮਤੀ ਨਾਲ ਨਾਮਜ਼ਦ ਕਰਨਾ ਉਨਾਂ ਦੇ ਕਮੇਟੀ ਬਣਾਉਣ ਲਈ ਕੀਤੇ ਸੰਘਰਸ਼ ਤੇ ਮੋਹਰ - ਭਾਈ ਸੁਖਬੀਰ ਸਿੰਘ ਬਲਬੇੜਾ

### ਮਹਾਨ ਸ਼ਖਸ਼ੀਅਤ ਦੀ ਕਾਬਲੀਅਤ ਲੋਕਤੰਤਰੀ ਵੋਟਾਂ ਦੀ ਮੁਹਤਾਜ ਨਹੀਂ ਹੁੰਦੀ





ਭਾਈ ਸੁਖਬੀਰ ਸਿੰਘ ਬਲਬੇੜਾ ਨੇ ਅੱਜ ਪ੍ਰੈਸ ਨੋਟ ਜਾਰੀ ਕਰਦਿਆਂ ਕਿਹਾ ਕੇ ਜਥੇਦਾਰ ਬਲਜੀਤ ਸਿੰਘ ਦਾਦੂਵਾਲ ਜੀ ਸਿੱਖ ਪੰਥ ਦੀ ਉਹ ਮਹਾਨ ਸ਼ਖਸੀਅਤ ਨੇ ਜੋ ਵੱਡੇ ਕੌਮੀ ਕਾਰਜਾਂ ਦੇ ਵਿੱਚ ਆਪਣੀ ਸ਼ਮੂਲੀਅਤ ਕਰਦੇ ਹਨ। ਜ਼ਿਕਰਯੋਗ ਹੈ ਕਿ ਸਿੱਖ ਸੰਗਤ ਵੱਲੋਂ 2015 ਦੇ ਵਿੱਚ ਬੁਲਾਏ ਸਰਬੱਤ ਖਾਲਸਾ ਵਿੱਚ ਪੰਜਾਬ ਦੀ ਧਰਤੀ ਤੇ 10 ਲੱਖ ਸੰਗਤਾਂ ਦੇ ਇਕੱਠ ਵਿੱਚ ਜਥੇਦਾਰ ਬਲਜੀਤ ਸਿੰਘ ਦਾਦੂਵਾਲ ਨੂੰ ਤਖ਼ਤ ਸ੍ਰੀ ਦਮਦਮਾ ਸਾਹਿਬ ਦਾ ਜਥੇਦਾਰ ਥਾਪਿਆ ਗਿਆ ਸੀ। ਭਾਈ ਸਾਹਿਬ ਨੇ ਅੱਗੇ ਜਾਣਕਾਰੀ ਦਿੰਦਿਆ ਦੱਸਿਆ ਕਿ ਜਥੇਦਾਰ ਬਲਜੀਤ ਸਿੰਘ ਦਾਦੂਵਾਲ ਸਿੱਖ ਕੌਮ ਦੇ ਨਿਧੜਕ ਅਤੇ ਅਣਥੱਕ ਸੇਵਾਦਾਰ ਵਜੋਂ ਸਿੱਖ ਕੌਮ ਨੂੰ ਉਸ ਸਮੇਂ ਤੋਂ ਸਮਰਪਿਤ ਹਨ ਜਦੋਂ ਪ੍ਰਚਾਰ ਕਰਨ ਤੇ ਵੀ ਜੇਲਾਂ ਚ ਡੱਕ ਦਿੱਤਾ ਜਾਂਦਾ ਸੀ। ਜਥੇਦਾਰ ਬਲਜੀਤ ਸਿੰਘ ਦਾਦੂਵਾਲ ਨਾਂ ਸਿਰਫ ਇਕੱਲੇ ਪ੍ਰਚਾਰਕ ਵਜੋਂ ਸਿੱਖ ਕੌਮ ਦੇ ਵਿੱਚ ਵਿਚਰਦੇ ਹਨ ਸਗੋਂ ਗਰੀਬ ਪਰਿਵਾਰਾਂ ਦੀ ਬੱਚੀਆਂ ਦੇ ਅਨੰਦ ਕਾਰਜ ਵੀ ਸਮੇਂ ਸਮੇਂ ਤੇ ਕਰਵਾਉਂਦੇ ਰਹਿੰਦੇ ਹਨ। ਇਥੇ ਇਸ ਗੱਲ ਦਾ ਵੀ ਜ਼ਿਕਰ ਕਰਨਾ ਬਣਦਾ ਹੈ ਕਿ ਡਾਕਟਰ ਮਨਮੋਹਣ ਸਿੰਘ (ਸਾਬਕਾ ਪ੍ਰਧਾਨ ਮੰਤਰੀ ਭਾਰਤ) ਵਰਗੇ ਦਿੱਗਜ ਚਿਹਰੇ ਵੀ ਲੋਕਤੰਤਰੀ ਚੋਣਾਂ ਦੇ ਵਿੱਚ ਹਾਰਦੇ ਰਹੇ ਨੇ। ਪਰ ਇਸ ਦੇ ਬਾਵਜੂਦ ਵੀ ਡਾਕਟਰ ਮਨਮੋਹਨ ਸਿੰਘ ਭਾਰਤ ਵਰਸ਼ ਦੇ 10 ਸਾਲ ਲਗਾਤਾਰ ਪ੍ਰਧਾਨ ਮੰਤਰੀ ਰਹੇ। ਕਿਸੇ ਵੀ ਮਹਾਨ ਸ਼ਖਸੀਅਤ ਦੀ ਕਾਬਲੀਅਤ ਲੋਕਤੰਤਰੀ ਵੋਟਾਂ ਦੇ ਨਾਲ ਨਹੀਂ ਨਾਪੀ ਜਾ ਸਕਦੀ। ਕਿਸੇ ਵੀ ਮਹਾਨ ਸ਼ਖਸੀਅਤ ਦੀ ਕਾਬਲੀਅਤ ਉਸ ਦੇ ਵੱਡੇ ਗੁਣਾਂ ਨਾਲ ਹੁੰਦੀ ਹੈ ਜੋ ਉਸ ਸ਼ਖਸੀਅਤ ਨੂੰ ਮਹਾਨ ਬਣਾਉਂਦੀ ਹੈ। ਇਸੇ ਤਰੀਕੇ ਨਾਲ 2014 ਦੇ ਵਿੱਚ ਸ੍ਰੀ ਅਰੁਣ ਜੇਟਲੀ ਨੂੰ ਪੰਜਾਬ ਦੇ ਲੋਕਾਂ ਨੇ ਅੰਮ੍ਰਿਤਸਰ ਤੋਂ ਬੜੇ ਵੱਡੇ ਫਰਕ ਨਾਲ ਹਰਾ ਦਿੱਤਾ ਸੀ ਪਰ ਉਨਾਂ ਦੀ ਕਾਬਲੀਅਤ ਅਤੇ ਉਨਾਂ ਦੀ ਕਲਾ ਨੇ ਅਰੁਣ ਜੇਟਲੀ ਨੂੰ ਦੇਸ਼ ਦਾ ਵਿੱਤ ਮੰਤਰੀ ਅਤੇ ਡਿਫੈਂਸ ਮੰਤਰੀ ਬਣਾਇਆ ਭਾਵੇਂ ਕਿ ਉਹ ਲੋਕ ਸਭਾ ਚੋਣ ਹਾਰ ਚੁੱਕੇ ਸਨ। ਕੁਝ ਇਸੇ ਤਰੀਕੇ ਨਾਲ ਸਿੱਖ ਕੌਮ ਦੇ ਮਹਾਨ ਪ੍ਰਚਾਰਕ ਜਥੇਦਾਰ ਬਲਜੀਤ ਸਿੰਘ ਦਾਦੂਵਾਲ ਜੀ ਦੀਆਂ ਸਿੱਖ ਕੌਮ ਲਈ ਕੀਤੀਆ ਸੇਵਾਵਾਂ ਹਰਿਆਣਾ ਕਮੇਟੀ ਨੂੰ ਬਣਾਉਣ ਲਈ ਕੀਤੇ ਸੰਘਰਸ਼ ਤੇ ਮੋਹਰ ਲਗਾਉਂਦਿਆ ਹਰਿਆਣਾ ਦੀਆਂ ਸੰਗਤਾਂ ਵੱਲੋਂ ਚੁਣੇ ਹੋਏ ਨੁਮਾਇੰਦਿਆਂ ਨੇ ਸਰਬਸੰਮਤੀ ਨਾਲ ਮੈਂਬਰ ਲਈ ਨਾਮਜਦ ਕੀਤਾ ਹੈ। ਅਖੀਰ ਵਿੱਚ ਭਾਈ ਸੁਖਬੀਰ ਸਿੰਘ ਬਲਬੇੜਾ ਨੇ ਜਾਣਕਾਰੀ ਦਿੰਦਿਆਂ ਕਿਹਾ ਕਿ ਜਿਸ ਦੀ ਮੈਂ ਜਥੇਦਾਰ ਬਲਜੀਤ ਸਿੰਘ ਨੂੰ ਆਪਣੇ ਵੱਲੋਂ ਲੱਖ ਲੱਖ ਵਧਾਈ ਦਿੰਦਾ ਹਾਂ।

**-ਭਾਈ ਪਰਗਟ ਸਿੰਘ ਬਲਬੇੜਾ, 9022000070**

# ਕਾਂਗਰਸ ਬਲਾਕ ਪ੍ਰਧਾਨ ਕ੍ਰਿਸ਼ਨ ਸਿੰਘ ਭਾਗੀਵਾਂਦਰ ਨੂੰ ਸਦਮਾ, ਪਿਤਾ ਦਾ ਦਿਹਾਂਤ



ਤਲਵੰਡੀ ਸਾਬੋ, 12 ਮਈ (ਗੁਰਜੰਟ ਸਿੰਘ ਨਥੇਹਾ)- ਤਲਵੰਡੀ ਸਾਬੋ ਦੇ ਸੀਨੀਅਰ ਕਾਂਗਰਸੀ ਆਗੂ ਤੇ ਬਲਾਕ ਕਾਂਗਰਸ ਕਮੇਟੀ ਦੇ ਪ੍ਰਧਾਨ ਕ੍ਰਿਸ਼ਨ ਸਿੰਘ ਭਾਗੀਵਾਂਦਰ ਨੂੰ ਉਸ ਸਮੇਂ ਗਹਿਰਾ ਸਦਮਾ ਲੱਗਿਆ ਜਦ ਕਿ ਉਨ੍ਹਾਂ ਦੇ ਪਿਤਾ ਜੀ ਸਰਦਾਰ ਦਰਸ਼ਨ ਸਿੰਘ ਪਿਛਲੇ ਦਿਨੀਂ ਅਕਾਲ ਚਲਾਣਾ ਕਰ ਗਏ। ਇਸ ਦੁੱਖ ਦੀ ਘੜੀ ਵਿੱਚ ਕ੍ਰਿਸ਼ਨ ਸਿੰਘ ਭਾਗੀਵਾਂਦਰ ਤੇ ਉਨ੍ਹਾਂ ਦੇ ਪਰਿਵਾਰ ਨਾਲ ਕਾਂਗਰਸ ਸੂਬਾ ਪ੍ਰਧਾਨ ਅਮਰਿੰਦਰ ਸਿੰਘ ਰਾਜਾ ਵੜਿੰਗ, ਜ਼ਿਲ੍ਹਾ ਦਿਹਾਤੀ ਪ੍ਰਧਾਨ ਤੇ ਹਲਕਾ ਇੰਚਾਰਜ ਤਲਵੰਡੀ ਸਾਬੋ ਖੁਸ਼ਬਾਜ ਸਿੰਘ ਜਟਾਣਾ, ਰਣਜੀਤ ਸਿੰਘ ਸੰਧੂ, ਜਗਤਾਰ ਸਿੰਘ ਮੈਨੂੰਆਣਾ ਚੇਅਰਮੈਨ ਪੀਏਡੀਬੀ, ਸਾਬਕਾ ਹਲਕਾ ਵਿਧਾਇਕ ਜੀਤਮਹਿੰਦਰ ਸਿੰਘ ਸਿੱਧੂ, "ਆਪ" ਹਲਕਾ ਵਿਧਾਇਕਾ ਪ੍ਰੋ. ਬਲਜਿੰਦਰ ਕੌਰ, ਅਕਾਲੀ ਦਲ ਹਲਕਾ ਇੰਚਾਰਜ ਰਵੀਪ੍ਰੀਤ ਸਿੰਘ ਸਿੱਧੂ, ਸੀਨੀਅਰ ਕਾਂਗਰਸੀ ਆਗੂ ਤੇ ਨਗਰ ਸੁਧਾਰ ਟਰੱਸਟ ਬਠਿੰਡਾ ਦੇ ਸਾਬਕਾ ਚੇਅਰਮੈਨ ਕੇ.ਕੇ ਅਗਰਵਾਲ, ਸੀਨੀਅਰ ਕਾਂਗਰਸੀ ਆਗੂ ਨਰਿੰਦਰ ਭੁਲੇਰੀਆ, ਕਾਂਗਰਸੀ ਆਗੂ ਰਣਜੀਤ ਸਿੰਘ ਸੰਧੂ, "ਆਪ" ਆਗੂ ਹਰਜੀਤ ਸਿੰਘ ਸਰਾਂ, ਫਰੀਡਮ ਫਾਈਟਰ ਜਥੇਬੰਦੀ ਦੇ ਪ੍ਰੈਸ ਸਕੱਤਰ ਈਸ਼ਵਰ ਗਰਗ, ਹਰਬੰਸ ਸਿੰਘ ਸਾਬਕਾ ਪ੍ਰਧਾਨ ਨਗਰ ਕੌਂਸਲ ਤਲਵੰਡੀ ਸਾਬੋ, ਕੌਂਸਲਰ ਰਵੀ ਕੁਮਾਰ ਕੋਕੀ, ਕੌਂਸਲਰ ਗੁਰਪ੍ਰੀਤ ਸਿੰਘ ਕੀਪਾ, ਦਮਦਮਾ ਪ੍ਰੈੱਸ ਕਲੱਬ ਤਲਵੰਡੀ ਸਾਬੋ ਦੇ ਅਹੁਦੇਦਾਰ, ਸਮੇਤ ਵੱਡੀ ਗਿਣਤੀ ਵਿੱਚ ਇਲਾਕੇ ਦੇ ਕਾਂਗਰਸੀ, ਅਕਾਲੀ ਤੇ "ਆਪ" ਆਗੂਆਂ, ਮੋਹਤਬਰ ਸ਼ਖ਼ਸੀਅਤਾਂ ਨੇ ਦੁੱਖ ਸਾਂਝਾ ਕੀਤਾ।

### ਗੁਰਦੁਆਰਾ ਸਾਹਿਬ ਵੌਂਦਰੂਏ ਡੋਰੀਆਨ ਕੈਨੇਡਾ ਵਿਖੇ

# ਖਾਲਸਾ ਸਥਾਪਨਾ ਦਿਵਸ ਨੂੰ ਸਮਰਪਿਤ ਧਾਰਮਿਕ ਸਮਾਗਮ ਕਰਵਾਏ ਗਏ





**ਨਵੀਂ ਦਿੱਲੀ 12 ਮਈ (ਮਨਪ੍ਰੀਤ ਸਿੰਘ ਖਾਲਸਾ):-** ਕੈਨੇਡਾ ਦੇ ਗੁਰਦੁਆਰਾ ਸਾਹਿਬ ਵੌਂਦਰੂਏ ਡੋਰੀਆਨ ਵਿਖੇ ਖਾਲਸਾ ਜੀ ਦਾ ਸਥਾਪਨਾ ਦਿਵਸ ਵਿਸਾਖੀ ਪੁਰਬ ਬਹੁਤ ਵੱਡੇ ਪੱਧਰ ਤੇ ਮਨਾਇਆ ਗਿਆ । ਇਸ ਬਾਰੇ ਜਾਣਕਾਰੀ ਦਿੰਦੇ ਹੋਏ ਗੁਰਦੁਆਰਾ ਸਾਹਿਬ ਦੇ ਮੁੱਖ ਸੇਵਾਦਾਰ ਭਾਈ ਲਖਬੀਰ ਸਿੰਘ ਜੀ ਨੇ ਦੱਸਿਆ ਕੀ ਇਸ ਸਮਾਗਮ ਵਿੱਚ ਪ੍ਰਸਿੱਧ ਕਥਾਵਾਚਕ ਗਿਆਨੀ ਹਰਿੰਦਰ ਸਿੰਘ ਜੀ ਅਲਵਰ, ਹਜ਼ੂਰੀ ਰਾਗੀ ਭਾਈ ਬੂਟਾ ਸਿੰਘ ਤੋਂ ਇਲਾਵਾ ਨਿਹੰਗ ਸਿੰਘ ਜਥੇਬੰਦੀਆਂ ਵੱਲੋਂ ਸਬਦ ਗੁਰਬਾਣੀ, ਕਥਾ ਕੀਰਤਨ ਅਤੇ ਗਤਕੇਬਾਜ਼ੀ ਦੇ ਜੋਹਰ ਵਿਖਾਏ ਗਏ । ਇਸ ਮੌਕੇ ਭਾਈ ਲਖਬੀਰ ਸਿੰਘ ਨੇ ਦਸਿਆ ਕਿ ਅਨੰਦਪੁਰ ਸਾਹਿਬ ਦੀ ਪਵਿੱਤਰ ਧਰਤੀ 'ਤੇ 1699 ਦੀ ਵਿਸਾਖੀ ਨੂੰ ਖਾਲਸਾ ਪੰਥ ਦਾ ਜਨਮ ਹੋਇਆ ਸੀ ਜਿਸ ਨੇ ਨਾ ਸਿਰਫ਼ ਸਦੀਆਂ ਤੋਂ ਗ਼ੁਲਾਮੀ ਦੀ ਲਤਾੜੀ ਹੋਈ ਨਿਤਾਣੀ ਤੇ ਨਿਮਾਣੀ ਕੌਮ ਨੂੰ ਅੰਮ੍ਰਿਤ ਛਕਾ ਕੇ ਸ਼ੁੱਧ ਖਾਲਸ ਰੂਹ ਦਾ ਸੰਚਾਰ ਕੀਤਾ ਸੀ ਸਗੋਂ ਇਸੇ ਦਿਨ ਪੰਜ ਰਹਿਤਵਾਨ ਸਿੰਘਾਂ ਨੂੰ ਅੱਗੋਂ ਅੰਮ੍ਰਿਤ ਛਕਾ ਕੇ ਨਵੇਂ ਸਿੰਘ ਸਜਾਉਣ ਦਾ ਹੱਕ ਵੀ ਪ੍ਰਾਪਤ ਹੋਇਆ ਸੀ। ਗੁਰੂ ਗੋਬਿੰਦ ਸਿੰਘ ਜੀ ਨੇ ਦੂਰ ਦ੍ਰਿਸ਼ਟੀ ਰੱਖਦਿਆਂ ਖਾਲਸੇ ਨੂੰ ਪੰਜ ਕਕਾਰ ਧਾਰਨ ਕਰਵਾ ਕੇ 'ਸਿੰਘ' ਭਾਵ ਸ਼ੇਰ ਤੇ 'ਕੌਰ' ਭਾਵ ਸ਼ਿਹਜ਼ਾਦੀ ਦੀ ਇੱਕ ਵਿਲੱਖਣ ਪਛਾਣ ਦਿੱਤੀ। ਸਦੀਆਂ ਤੋਂ ਜ਼ੋਰ-ਜਬਰ ਤੇ ਜ਼ੁਲਮ ਕਰਦੇ ਧਾੜਵੀ ਹਾਕਮਾਂ ਦੀ ਗ਼ੁਲਾਮੀ ਨੇ ਨਿਹੱਥੇ ਤੇ ਨਿਰਦੋਸ਼ਾਂ ਨੂੰ ਜਿਉਂਦੇ ਜੀਅ ਵੀ ਮੁਰਦਾ ਬਣਾ ਛੱਡਿਆ ਸੀ। ਉਸ ਬੁਜ਼ਦਿਲੀ ਤੋਂ ਮੁਕਤ ਕਰਾਉਣ ਲਈ ਗੁਰੂ ਸਾਹਿਬ ਨੇ ਖਾਲਸਾ ਪੰਥ ਦੀ ਸਾਜਨਾ ਕੀਤੀ ਸੀ ।ਦੀਵਾਨ ਦੀ ਸਮਾਪਤੀ ਉਪਰੰਤ ਗੁਰੂ ਕੇ ਅਟੁੱਟ ਲੰਗਰ ਵਰਤਾਏ ਗਏ ਸਨ ਅਤੇ ਨਿਹੰਗ ਸਿੰਘਾਂ ਵੱਲੋਂ ਸ਼ਰਦਾਈ ਦਾ ਲੰਗਰ ਵੀ ਲਗਾਇਆ। ਇਸ ਮੌਕੇ ਗੁਰਦੁਆਰਾ ਸਾਹਿਬ ਦੇ ਹੈਡ ਗ੍ਰੰਥੀ ਗਿਆਨੀ ਗੁਰਤੇਗ ਸਿੰਘ ਨੇ ਦੱਸਿਆ ਕਿ ਇਸ ਗੁਰਦੁਆਰਾ ਸਾਹਿਬ ਵਿਖੇ ਸ੍ਰੀ ਅਖੰਡ ਪਾਠ ਸਾਹਿਬ, ਸ੍ਰੀ ਸੁਖਮਨੀ ਸਾਹਿਬ ਦੇ ਪਾਠ ਸੰਗਤਾਂ ਵੱਲੋਂ ਕਰਵਾਏ ਜਾਂਦੇ ਹਨ ਜੀ, ਬੱਚਿਆਂ ਦੀਆ ਗੁਰਮਤਿ ਦੇ ਨਾਲ ਪੰਜਾਬੀ ਕਲਾਸਾਂ ਅਤੇ ਤਬਲਾ ਸਿਖਲਾਈ ਦੀਆ ਕਲਾਸਾਂ ਲਗਾਈਆਂ ਜਾਂਦੀਆਂ ਹਨ ਤਾਂ ਜੋ ਬੱਚੇ ਆਪਣੇ ਪੰਜਾਬੀ ਵਿਰਸੇ ਨਾਲ ਜੁੜੇ ਰਹਿਣ ਅਤੇ ਗੁਰੂ ਲੜ ਲੱਗੇ ਰਹਿਣ ।

# ਜੰਗ ਕਿਸੇ ਮਸਲੇ ਦਾ ਹੱਲ ਨਹੀਂ



ਜੰਗ ਕਿਸੇ ਮਸਲੇ ਦਾ ਹੱਲ ਨਹੀਂ ਹੈ। ਇਹ ਨਿਰਦੋਸ਼ ਲੱਖਾਂ ਲੋਕਾਂ ਨੂੰ ਮੌਤ ਅਤੇ ਵਿਨਾਸ਼ ਦੀ ਚੌਖਟ ਤੱਕ ਪੁਹੰਚਾਉਣ ਦਾ ਦਰਦਨਾਕ ਘਿਨੌਣਾ ਰਾਸਤਾ ਹੈ। ਇਹਨਾਂ ਹਿਰਦੇਵਾਦਕ ਵਿਚਾਰਾਂ ਦਾ ਪ੍ਰਗਟਾਵਾ ਜ਼ਿਲਾ ਸ਼ਹੀਦ ਭਗਤ ਸਿੰਘ ਨਗਰ ਦੀ ਸਿਰਮੌਰ ਸਮਾਜ ਸੇਵੀ ਕਾਰਜਾਂ ਨੂੰ ਅੰਜ਼ਾਮ ਦੇਣ ਵਾਲੀ ਸੰਸਥਾ , ਏਕ ਨੂਰ ਸਵੈ ਸੇਵੀ ਸੰਸਥਾ ਪਠਲਾਵਾ ਦੇ ਮੁਖੀ ਸ ਇੰਦਰਜੀਤ ਸਿੰਘ ਵਾਰੀਆ ਨੇ ਸੰਸਥਾ ਦੇ ਸੀਨੀਅਰ ਅਹੁਦੇਦਾਰਾਂ ਦੀ ਇਕ ਅਹਿਮ ਮੀਟਿੰਗ ਵਿੱਚ ਬੋਲਦਿਆਂ ਕਹੇ ।ਉਹਨਾਂ ਨੇ ਅੱਗੇ ਆਖਿਆ ਕਿ ਭਾਰਤ ਅਤੇ ਪਾਕਿਸਤਾਨ ਦੀਆਂ ਹੁਕਮਰਾਨ ਸਰਕਾਰਾਂ ਨੂੰ ਮਿਲ ਬੈਠ ਕੇ ਆਪਣੇ ਸਰਹੱਦੀ ਮਸਲਿਆਂ ਨੂੰ ਹੱਲ ਕਰਨ ਵੱਲ ਤਵੱਜੋਂ ਦੇਣੀ ਚਾਹੀਦੀ ਹੈ।ਯੁੱਧ ਵਿਚ ਹੋਣ ਵਾਲੀ ਬਰਬਾਦੀ ਅਤੇ ਬੇਦੋਸ਼ਿਆਂ ਦੇ ਖ਼ੂਨ ਖਰਾਬੇ ਨੂੰ ਟਾਲਿਆ ਨਹੀਂ ਜਾ ਸਕਦਾ। ਦੋਹਾਂ ਦੇਸ਼ਾਂ ਵਿਚਕਾਰ ਹਾਲ ਦੀ ਘੜੀ ਵਿੱਚ ਪੈਦਾ ਹੋਈ ਸਥਿਤੀ ਨੂੰ ਖਤਰਨਾਕ ਮੋੜ ਤੱਕ ਪੁਚਾਉਣ ਵਿਚ ਇਹਨਾਂ ਮੁਲਕਾ ਦੇ ਸੋਸ਼ਲ ਮੀਡੀਏ ਨੇ ਕੋਈ ਕਸਰ ਬਾਕੀ ਨਹੀਂ ਛੱਡੀ । ਇਸ ਮੌਕੇ ਤੇ ਬੋਲਦਿਆਂ ਸੰਸਥਾ ਦੇ ਵਿੱਤ ਸਕੱਤਰ ਅਤੇ ਮੁੱਖ ਬੁਲਾਰੇ ਲੈਕਚਰਾਰ ਤਰਸੇਮ ਪਠਲਾਵਾ, ਸੀਨੀਅਰ ਉਪ ਚੇਅਰਮੈਨ ਸ ਤਰਲੋਚਨ ਸਿੰਘ ਵਾਰੀਆ, ਜਨਰਲ ਸਕੱਤਰ ਮਾ ਤਰਲੋਚਨ ਸਿੰਘ ਪਠਲਾਵਾ,ਪ੍ਰੋ ਚਰਨਜੀਤ ਸਿੰਘ ਪੋਸੀ, ਪ੍ਰਧਾਨ ਸ ਬਲਵੀਰ ਸਿੰਘ ਯੂ ਕੇ ਸਾਹਿਬ,ਉਪ ਚੇਅਰਮੈਨ ਸ੍ਰੀ ਸੰਦੀਪ ਕੁਮਾਰ ਗੌੜ,ਡਾ ਪਰਮਿੰਦਰ ਸਿੰਘ ਵਾਰੀਆ ਅਤੇ ਸ ਅਮਰਜੀਤ ਸਿੰਘ ਸੂਰਾਪੁਰ ਨੇ ਇਕ ਸੁਰ ਵਿਚ ਆਖਿਆ ਕਿ ਪਹਿਲਗਾਮ ਦੀ ਘਟਨਾ ਵਿਚ ਬੇਦੋਸ਼ੇ ਲੋਕਾਂ ਨੂੰ ਜਿਸ ਤਰਾਂ ਮੌਤ ਦੇ ਘਾਟ ਉਤਾਰਿਆ ਗਿਆ ਦੋਹਾਂ ਮੁਲਕਾਂ ਵਿਚਕਾਰ ਅਜਿਹਾ ਮਾਹੌਲ ਬਨਣਾ ਸੁਭਾਵਿਕ ਹੀ ਸੀ। ਭਾਰਤ ਦਾ ਗੁਆਂਢੀ ਦੇਸ਼ ਜੋਂ ਕੱਟੜਪੰਥੀ ਜਥੇਬੰਦੀਆਂ ਦੀ ਪੁਸ਼ਤਪਨਾਹੀ ਕਰ ਕੇ ਉਹਨਾਂ ਨੂੰ ਭਾਰਤ ਵਿਰੁੱਧ ਘਿਨੌਣੀਆਂ ਕਾਰਵਾਈਆਂ ਕਰਨ ਲਈ ਧੱਕ ਰਿਹਾ ਹੈ ਨੂੰ ਬੰਦ ਕਰਨਾ ਹੋਵੇਗਾ । ਦੋਨੋਂ ਦੇਸ਼ ਕੋਲ ਪਰਮਾਣੂ ਹਥਿਆਰਾਂ ਦੇ ਭੰਡਾਰ ਹਨ ਜੋਂ ਕਿ ਪੂਰੇ ਦੱਖਣ ਏਸ਼ੀਆ ਦੇ ਇਸ ਖਿੱਤੇ ਵਿਚ ਵਿਨਾਸ਼ਕਾਰੀ ਸਾਬਿਤ ਹੋ ਸਕਦੇ ਹਨ।ਖ਼ੁਸ਼ੀ ਦੀ ਗੱਲ ਹੈ ਕਿ ਅਮਰੀਕੀ ਰਾਸ਼ਟਰਪਤੀ ਡੋਨਲਡ ਟਰੰਪ ਦੀ ਪਹਿਲਕਦਮੀ ਨਾਲ ਦੋਹਾਂ ਦੇਸ਼ਾਂ ਦੀਆਂ ਸਰਕਾਰ ਨੇ ਯੁੱਧ ਵਿਰਾਮ ਨੂੰ ਅਮਲ ਵਿਚ ਲਿਆਂਦਾ ਹੈ। ਜਿਸ ਨਾਲ ਦੋਨਾਂ ਮੁਲਕਾਂ ਦੇ ਅਮਨਪਸੰਦ ਲੋਕਾਂ ਨੇ ਇਸਦਾ ਸੁਆਗਤ ਹੀ ਨਹੀਂ ਕੀਤਾ ਸਗੋਂ ਦੋਨਾਂ ਅਵਾਮ ਦੀਆਂ ਸਰਕਾਰਾਂ ਨੂੰ ਅਪੀਲ ਵੀ ਕੀਤੀ ਹੈ ਜੇਕਰ ਕੁਝ ਕਰਨਾ ਹੈ ਤਾਂ ਦੇਸ਼ ਦੀ ਗਰੀਬ ਜਨਤਾ ਲਈ ਕੀਤਾ ਜਾਵੇ। ਇਸਦੇ ਨਾਲ ਪਾਕਿਸਤਾਨ ਦੇ ਪ੍ਰਧਾਨ ਮੰਤਰੀ ਸ਼ਾਹਬਾਜ਼ ਸ਼ਰੀਫ ਨੂੰ ਅਪੀਲ ਕਰਦਿਆਂ ਆਖਿਆ ਕਿ ਜੇਕਰ ਇਸ ਖਿੱਤੇ ਵਿਚ ਅਮਨ ਕਾਇਮ ਰੱਖਣਾ ਹੈ ਤਾਂ ਉਹਨਾਂ ਅੱਤਵਾਦੀ ਸੰਗਠਨਾਂ, ਜਿਨਾਂ ਨੂੰ ਭਾਰਤ ਵਿਰੁੱਧੀ ਕਾਰਵਾਈਆਂ ਕਰਨ ਲਈ ਖੁੱਲਾ ਛੱਡਿਆ ਹੋਇਆ ਹੈ ਵਿਰੁੱਧ ਪੁਖਤਾ ਕਾਰਵਾਈਆਂ ਨੂੰ ਅੰਜਾਮ ਦੇਣਾ ਹੋਵੇਗਾ। ਯਾਦ ਰੱਖਿਆ ਜਾਵੇ ਕਿ ਦੋਨੋਂ ਮੁਲਕ ਵਿਨਾਸ਼ਕਾਰੀ ਬਰੂਦ ਦੇ ਢੇਰ ਤੇ ਬੈਠੇ ਹਨ। ਬੁਲਾਰਿਆਂ ਨੇ ਦੋਨਾਂ ਦੇਸ਼ਾਂ ਦੇ ਲੋਕਾਂ ਨੂੰ ਸਾਂਝਾ ਸੁਨੇਹਾ ਦਿੰਦਿਆਂ ਆਖਿਆ ਕਿ ਯੁੱਧ ਹਮੇਸ਼ਾ ਖ਼ੂਨ ਵਹਾਉਂਦਾ ਹੈਂ ਇਸ ਨੂੰ ਸੱਦਾ ਨਾ ਦਿਓ। ਇਸ ਅਵਸਰ ਤੇ ਹੋਰਨਾਂ ਤੋਂ ਇਲਾਵਾ ਸੰਸਥਾ ਦੇ ਸਰਪ੍ਰਸਤ ਸ ਬਲਵੀਰ ਸਿੰਘ ਐਕਸ ਆਰਮੀ,ਡਾ ਕੁਲਦੀਪ ਰਾਜ ਬੰਗਾ,ਸ ਆਤਮਾ ਸਿੰਘ ਸੂਰਾਪੁਰ,ਉਪ ਚੇਅਰਮੈਨ ਸ੍ਰੀ ਪਰਵਿੰਦਰ ਸਿੰਘ ਰਾਣਾ, ਸ ਸਤਨਾਮ ਸਿੰਘ ਯੂ ਐਸ ਏ,ਸ ਅਮਰਜੀਤ ਸਿੰਘ ਸੂਰਾਪੁਰ, ਰਜਿੰਦਰ ਸਿੰਘ ਜਿੰਦਾ, ਪ੍ਰੈਸ ਸਕੱਤਰ ਮਾ ਸੁਰਿੰਦਰ ਸਿੰਘ ਕਰਮ , ਬਲਜੀਤ ਸਿੰਘ ਪਠਲਾਵਾ, ਕੈਪ ਜੋਗਾ ਸਿੰਘ, ਇਸਤਰੀ ਵਿੰਗ ਤੋਂ ਸੰਸਥਾ ਦੇ ਚੇਅਰਪਰਸਨ ਸ੍ਰੀਮਤੀ ਕੁਲਵਿੰਦਰ ਕੌਰ ਵਾਰੀਆ,ਉਪ ਚੇਅਰਪਰਸਨ ਸ੍ਰੀਮਤੀ ਜਸਵੀਰ ਕੌਰ ਵਾਰੀਆ, ਮੈਡਮ ਸਰਬਜੀਤ ਕੌਰ ਪਠਲਾਵਾ, ਮੈਡਮ ਸਾਰਿਕਾ ਸੋਨੀ ਸੁਜੋਂ, ਮੈਡਮ ਬਲਵਿੰਦਰ ਕੌਰ ਮੈਡਮ ਤਾਰਿਕਾ ਸੋਨੀ ਸੁਜੋਂ, ਰੇਸ਼ਮ ਕੌਰ ਪੋਸੀ ਆਦਿ ਹਾਜ਼ਰ ਸਨ।

**-ਵਿਸ਼ੇਸ਼ ਰਿਪੋਰਟ ਹਰਪ੍ਰੀਤ ਸਿੰਘ ਪਠਲਾਵਾ**

# ਤਲਬੀਰ ਸਿੰਘ ਗਿੱਲ ਨੇ ਕਵਰਦੀਪ ਸਿੰਘ ਮਾਨ ਜਲਾਲ ਨਾਲ ਕੀਤਾ ਦੁੱਖ ਸਾਂਝਾ



**ਚੌਕ ਮਹਿਤਾ, 12 ਮਈ ( ਬਾਬਾ ਸੁਖਵੰਤ ਸਿੰਘ ਚੰਨਣਕੇ )**-ਸਰੋਮਣੀ ਅਕਾਲੀ ਦਲ ਦੇ ਹਲਕਾ ਜੰਡਿਆਲਾ ਗੁਰੂ ਤੋਂ ਸਾਬਕਾ ਚੇਅਰਮੈਨ ਕਵਰਦੀਪ ਸਿੰਘ ਮਾਨ ਜਲਾਲ ਦੇ ਭਰਾ ਅਮਰਦੀਪ ਸਿੰਘ ਮਾਨ ਜਲਾਲ ਦੀ ਹੋਈ ਮੌਤ ਦੇ ਨਾਲ ਦੁੱਖ ਸਾਂਝਾ ਕਰਨ ਲਈ ਪਹੁੰਚੇ ਆਮ ਆਦਮੀ ਪਾਰਟੀ ਦੇ ਸੀਨੀਅਰ ਲੀਡਰ ਤਲਬੀਰ ਸਿੰਘ ਗਿੱਲ ਅਤੇ ਉਨ੍ਹਾਂ ਦੇ ਸਾਥੀਆਂ ਨੇ ਮਾਨ ਪਰਿਵਾਰ ਨਾਲ ਦੁੱਖ ਸਾਂਝਾ ਕੀਤਾ। ਤਲਬੀਰ ਸਿੰਘ ਗਿੱਲ ਨੇ ਵਾਹਿਗੁਰੂ ਜੀ ਦੇ ਚਰਨਾਂ ਵਿੱਚ ਅਰਦਾਸ ਬੇਨਤੀ ਕੀਤੀ ਕਿ ਸਾਡਾ ਵੀਰ ਅਮਰਦੀਪ ਸਿੰਘ ਮਾਨ ਨੂੰ ਆਪਣੇ ਚਰਨਾਂ ਵਿੱਚ ਨਿਵਾਸ ਬਖਸਿਸ਼ ਕਰਨ। ਸ, ਗਿੱਲ ਦੇ ਨਾਲ ਸਰਪੰਚ ਕੁਲਵਿੰਦਰ ਸਿੰਘ ਮਿੱਠਾ ਚੰਨਣਕੇ, ਗੁਰਮੀਤ ਸਿੰਘ ਮਾਨ, ਸਿੰਕਦਰ ਸਿੰਘ ਖਿਦੋਵਾਲੀ ਅਤੇ ਹੋਰ ਵੀ ਆਗੂ ਹਾਜ਼ਰ ਸਨ।

# ਪੀਰ ਬਾਬਾ ਇਲਾਹੀ ਸ਼ਾਹ ਦੇ ਮੇਲੇ ਸਬੰਧੀ ਕੀਤੀ ਉਗਰਾਹੀ




**ਚੌਕ ਮਹਿਤਾ, 12 ਮਈ (ਬਾਬਾ ਸੁਖਵੰਤ ਸਿੰਘ ਚੰਨਣਕੇ)**-ਪੀਰ ਬਾਬਾ ਇਲਾਹੀ ਸ਼ਾਹ ਜੀ ਦੀ ਦਰਗਾਹ ਉਦੋਨੰਗਲ (ਮਹਿਤਾ ਚੌਕ) ਵਿਖੇ ਮਨਾਏ ਜਾਂਦੇ ਸਾਲਾਨਾ ਮੇਲੇ ਮੌਕੇ ਲੱਗਣ ਵਾਲੇ ਲੰਗਰਾਂ ਵਾਸਤੇ ਕਣਕ ਦੀ ਉਗਰਾਹੀ ਸ਼ੁਰੂ ਕਰ ਦਿੱਤੀ ਗਈ ਹੈ। ਅੱਜ ਇਥੇ ਪ੍ਰਧਾਨ ਅਮਰਜੀਤ ਸਿੰਘ ਭੋਲਾ ਦੀ ਹਾਜਰੀ ਵਿੱਚ ਮੇਲੇ ਦੇ ਮੁੱਖ ਪ੍ਰਬੰਧਕ ਨੰਬਰਦਾਰ ਮੁਖਵਿੰਦਰ ਸਿੰਘ ਅਤੇ ਜਸਬੀਰ ਸਿੰਘ ਨਾਹਰ ਨੇ ਦੱਸਿਆ ਕਿ ਇਸ ਪਵਿੱਤਰ ਦਰਗਾਹ ਤੇ ਹਰ ਸਾਲ 2 ਰੋਜਾ ਮੇਲਾ ਮਨਾਇਆ ਜਾਂਦਾ ਹੈ। ਜਿਸ ਦੌਰਾਨ ਹਜ਼ਾਰਾਂ ਦੀ ਗਿਣਤੀ 'ਚ ਸੰਗਤਾਂ ਇਸ ਮੇਲੇ ਵਿੱਚ ਸ਼ਮੂਲੀਅਤ ਕਰਦੀਆਂ ਹਨ, ਸੋ ਇਥੇ ਲੱਗਣ ਵਾਲੇ ਵਿਸ਼ਾਲ ਲੰਗਰਾਂ ਦੇ ਲਈ ਹਰ ਸਾਲ ਮੇਲਾ ਪ੍ਰਬੰਧਕ ਕਮੇਟੀ ਦੇ ਵੱਲੋਂ ਸਮੁੱਚੇ ਇਲਾਕੇ ਚੋ ਕਣਕ ਦੀ ਉਗਰਾਹੀ ਕੀਤੀ ਜਾਂਦੀ ਹੈ। ਉਨਾਂ ਦੱਸਿਆ ਕਿ ਅੱਜ ਦਾਣਾ ਮੰਡੀ ਮਹਿਤਾ ਦੇ ਆੜਤੀਆਂ ਦੀਆਂ ਦੁਕਾਨਾਂ ਤੋਂ ਕਣਕ ਦੀ ਉਗਰਾਹੀ ਕਰ ਲਈ ਗਈ ਹੈ, ਜਿਸ ਦੌਰਾਨ ਸਮੂਹ ਆੜਤੀਆ ਐਸੋਸੀਏਸ਼ਨ ਨੇ ਪੂਰਾ ਸਹਿਯੋਗ ਦਿੱਤਾ ਹੈ। ਮੁੱਖ ਪ੍ਰਬੰਧਕ ਨੰਬਰਦਾਰ ਮੁਖਵਿੰਦਰ ਸਿੰਘ ਤੇ ਜਸਬੀਰ ਸਿੰਘ ਨਾਹਰ ਨੇ ਦੱਸਿਆ ਕਿ ਇਹ 2 ਰੋਜਾ ਸਾਲਾਨਾ ਮੇਲਾ ਹਰ ਸਾਲ ਦੀ ਤਰਾਂ ਇਸ ਵਾਰ ਵੀ 4 ਤੇ 5 ਜੁਲਾਈ ਨੂੰ ਵੱਡੇ ਪੱਧਰ ਤੇ ਮਨਾਇਆ ਜਾਵੇਗਾ। ਇਸ ਮੌਕੇ ਮੇਲਾ ਪ੍ਰਬੰਧਕ ਕਮੇਟੀ ਦੇ ਪ੍ਰਧਾਨ ਅਜੇਪਾਲ ਸਿੰਘ, ਰਾਜਾ ਸੇਖੋਂ ਤੇ ਜਗਰੂਪ ਸਿੰਘ ਨਾਗ ਦੋਵੇਂ ਮੁੱਖ ਬੁਲਾਰੇ, ਅਵਤਾਰ ਸਿੰਘ ਇਲੈਕਟ੍ਰੀਸ਼ਨ, ਮੇਜਰ ਸਿੰਘ, ਸਰਬਜੀਤ ਸਿੰਘ, ਮੁਖਤਾਰ ਸਿੰਘ ਸਾਬੀ, ਕਰਨਬੀਰ ਸਿੰਘ, ਕੁਲਵਿੰਦਰ ਸਿੰਘ ਕਿੰਦਾ, ਸੋਹਣ ਸਿੰਘ, ਸਰਪੰਚ ਕੰਵਲਜੀਤ ਸਿੰਘ, ਦਵਿੰਦਰ ਸਿੰਘ ਗੋਲੂ, ਸ਼ੁਭਦੀਪ ਸਿੰਘ, ਨਿੱਕਾ ਨੰਗਲੀ, ਸਾਜਨ ਦੀਪ ਸਿੰਘ, ਅਕਾਸ਼ ਗਿੱਲ, ਦਿਲਪ੍ਰੀਤ ਸਿੰਘ, ਅਰਮਾਨਦੀਪ ਸਿੰਘ, ਗੁਰਪ੍ਰੀਤ ਸਿੰਘ, ਜੁਗਰਾਜ ਸਿੰਘ ਤੇ ਜਰਮਨਜੀਤ ਸਿੰਘ ਆਦਿ ਕਮੇਟੀ ਮੈਂਬਰ ਹਾਜਰ ਸਨ।

### ਗੁਰੂਬਾਣੀ ਚੇਤਨਾ ਕੰਠ ਲਹਿਰ" ਦਾ ਅਗਲਾ ਪ੍ਰੋਗਰਾਮ 350 ਸਾਲਾਂ ਗੁਰੂ ਤੇਗ ਬਹਾਦਰ ਸਾਹਿਬ ਜੀ ਦੀ ਸ਼ਹਾਦਤ ਨੂੰ ਹੋਵੇਗਾ ਸਮਰਪਿਤ

# ਭਾਈ ਪਰਮਜੀਤ ਸਿੰਘ ਵੀਰ ਜੀ ਨੂੰ ਗੁਰਦੁਆਰਾ ਉਦੈ ਵਿਹਾਰ ਪ੍ਰਬੰਧਕਾਂ ਵਲੋਂ ਕੀਤਾ ਗਿਆ ਸਨਮਾਨਿਤ



**ਨਵੀਂ ਦਿੱਲੀ 12 ਮਈ (ਮਨਪ੍ਰੀਤ ਸਿੰਘ ਖਾਲਸਾ):-** ਗੁਰੂਬਾਣੀ ਰਿਸਰਚ ਫਾਉਂਡੇਸ਼ਨ ਵਲੋਂ ਬੱਚਿਆਂ ਨੂੰ ਗੁਰਬਾਣੀ ਨਾਲ ਜੋੜਨ ਲਈ ਉਲੀਕਿਆ ਗਿਆ "ਗੁਰੂਬਾਣੀ ਚੇਤਨਾ ਕੰਠ ਲਹਿਰ" ਪ੍ਰੋਗਰਾਮ ਬਹੁਤ ਹੀ ਚੜ੍ਹਦੀਕਲਾ ਨਾਲ ਸਮਾਪਤ ਹੋਇਆ ਸੀ ਜਿਸ ਵਿਚ ਪੰਜ ਸੌ ਤੋਂ ਵੱਧ ਬੱਚਿਆਂ ਨੇ ਵੱਖ ਵੱਖ ਵੱਡੇ ਛੋਟੇ ਇਨਾਮ ਜਿੱਤ ਕੇ ਗੁਰੂ ਦੇ ਦੱਸੇ ਰਾਹ ਤੇ ਚਲਣ ਲਈ ਪ੍ਰੇਰਿਤ ਹੋਏ ਸਨ ।ਇਸ ਬਾਰੇ ਜਾਣਕਾਰੀ ਦੇਂਦਿਆ ਗੁਰੂਬਾਣੀ ਰਿਸਰਚ ਫਾਉਂਡੇਸ਼ਨ ਦੇ ਮੁੱਖੀ ਅਤੇ ਦਿੱਲੀ ਕਮੇਟੀ ਦੀ ਧਰਮ ਪ੍ਰਚਾਰ ਵਿੰਗ ਦੇ ਸਾਬਕਾ ਮੁੱਖੀ ਭਾਈ ਪਰਮਜੀਤ ਸਿੰਘ ਵੀਰਜੀ ਨੇ ਦਸਿਆ ਕਿ ਇਸ ਉਲੀਕੇ ਗਏ ਪ੍ਰੋਗਰਾਮ ਵਿਚ ਬਹੁਤ ਸਾਰੇ ਬੱਚੇ ਜੋ ਹਿੱਸਾ ਲੈਣ ਤੋਂ ਵਾਂਝੇ ਰਹਿ ਗਏ ਸਨ ਅਤੇ ਹੋਰ ਬਹੁਤ ਸਾਰੇ ਪਰਿਵਾਰਾਂ ਵਲੋਂ ਵੀ ਸਾਨੂੰ ਪ੍ਰੋਗਰਾਮ ਨੂੰ ਇਸੇ ਤਰ੍ਹਾਂ ਚਲਦਾ ਰੱਖਣ ਲਈ ਸੁਨੇਹੇ ਮਿਲ ਰਹੇ ਹਨ ।ਸੰਗਤਾਂ ਵਲੋਂ ਮਿਲ ਰਹੇ ਉਤਸ਼ਾਹ ਨੂੰ ਦੇਖਦਿਆਂ ਅਸੀਂ "ਗੁਰੂਬਾਣੀ ਚੇਤਨਾ ਕੰਠ ਲਹਿਰ" ਦਾ ਅਗਲਾ ਪ੍ਰੋਗਰਾਮ ਜੋ ਕਿ ਗੁਰੂ ਤੇਗ ਬਹਾਦਰ ਸਾਹਿਬ ਜੀ ਦੀ 350 ਸਾਲਾ ਸ਼ਹਾਦਤ ਨੂੰ ਸਮਰਪਿਤ ਕਰ ਰਹੇ ਹਾਂ ਇਕ ਨਿਵੇਕਲੇ ਅੰਦਾਜ਼ ਵਿਚ ਪੇਸ਼ ਕਰਾਂਗੇ ਤੇ ਇਸ ਦੀ ਰੂਪ ਰੇਖਾ ਬਾਰੇ ਜਲਦ ਹੀ ਸੰਗਤਾਂ ਨੂੰ ਦਸਿਆ ਜਾਏਗਾ ਜਿਸ ਨਾਲ ਸੰਗਤਾਂ ਸਮੇਂ ਸਿਰ ਆਪਣੇ ਫਾਰਮ ਨੂੰ ਭਰ ਕੇ ਪ੍ਰੋਗਰਾਮ ਵਿਚ ਹਿੱਸਾ ਲੈ ਸਕਣ । ਪਰਮਜੀਤ ਸਿੰਘ ਵੀਰ ਜੀ ਨੇ ਦਸਿਆ ਕਿ ਮਨੁੱਖ ਵਿੱਚ ਤਬਦੀਲੀ ਜਾਂ ਸੁਧਾਰ ਤਾਂ ਹੀ ਆ ਸਕਦਾ ਹੈ ਜੇ ਮਨੁੱਖ ਗੁਰਬਾਣੀ ਨਾਲ ਜੁੜੇ ਅਤੇ ਓਸ ਦੇ ਆਸੇ ਆਦੇਸ਼ਾਂ ਉਪਰ ਚਲਣ ਦਾ ਉਪਰਾਲਾ ਕਰੇ ।ਸਿੱਖੀ ਦਾ ਇਹ ਆਧਾਰ, ਮਨੁੱਖ ਨੂੰ ਸਫਲ ਜੀਵਨ ਦੇ ਵਿਕਾਸ ਦੀ ਦਿਸ਼ਾਂ ਵਲ ਲੈ ਜਾਂਦਾ ਹੈ, ਮਨ ਅੰਦਰ ਕੋਈ ਵੈਰ ਵਿਰੋਧ ਨਹੀਂ ਰਹਿੰਦਾਂ ਹੈ। ਗੁਰੂ ਸਾਹਿਬ ਜੀ ਨੇ ਦੱਸਿਆ ਹੈ ਕਿ ਅਕਾਲ ਪੁਰਖੁ ਨੂੰ ਪਾਉਣ ਦਾ ਤਰੀਕਾ ਸਿਰਫ ਉਸ ਨਾਲ ਪ੍ਰੇਮ ਹੀ ਹੈ। ਜਿਹੜੇ ਅਕਾਲ ਪੁਰਖੁ ਨਾਲ ਪ੍ਰੇਮ ਕਰਦੇ ਹਨ, ਉਨ੍ਹਾਂ ਨਾਲ, ਉਹ ਉਸ ਤੋ ਵੀ ਕਈ ਗੁਣਾ ਜਿਆਦਾ ਪਿਆਰ ਕਰਦਾ ਹੈ। ਜੀਵਨ ਵਿੱਚ ਅਕਾਲ ਪੁਰਖੁ ਦੇ ਹੁਕਮੁ ਅਨੁਸਾਰ ਚਲਣ ਤੇ ਉਸ ਦੇ ਨਾਲ ਪ੍ਰੇਮ ਦੀ ਖੇਲ ਖੇਲਣ ਲਈ, ਗੁਰੂ ਸਾਹਿਬ ਦੇ ਦੱਸੇ ਗਏ ਮਾਰਗ ਤੇ ਚਲਣਾ ਬਹੁਤ ਜਰੂਰੀ ਹੈ। ਇਸ ਲਈ ਅਸੀਂ ਵੱਧ ਤੋਂ ਵੱਧ ਸੰਗਤਾਂ ਨੂੰ ਗੁਰਬਾਣੀ ਨਾਲ ਜੋੜਨ ਲਈ ਵੱਖ ਵੱਖ ਉਪਰਾਲੇ ਕਰਦੇ ਰਹਿੰਦੇ ਹਾਂ । ਜਿਕਰਯੋਗ ਹੈ ਕਿ ਬੀਤੇ ਦਿਨ ਭਾਈ ਪਰਮਜੀਤ ਸਿੰਘ ਵੀਰਜੀ, ਗੁਰਵਿੰਦਰ ਸਿੰਘ ਅਤੇ ਬੀਬੀ ਰਵਿੰਦਰ ਕੌਰ ਨੂੰ ਗੁਰਦੁਆਰਾ ਸਾਹਿਬ ਉਦੈ ਵਿਹਾਰ ਦੇ ਪ੍ਰਬੰਧਕਾਂ ਵਲੋਂ ਬੱਚਿਆਂ ਨੂੰ ਗੁਰਬਾਣੀ ਨਾਲ ਜੋੜਨ ਵਾਸਤੇ ਕੀਤੇ ਗਏ ਉਪਰਾਲੇ ਸਦਕਾ ਸਨਮਾਨਿਤ ਕੀਤਾ ਗਿਆ ਸੀ।

ਆਵਾਜ਼ਿ ਕੌਮ AWAZE QAUM International Newspaper & WEB TV
ਸਿੱਖ ਕੌਮ ਅਤੇ ਪੰਜਾਬੀਅਤ ਦਾ ਪਹਿਰੇਦਾਰ
ਆਵਾਜ਼ਿ ਕੌਮ
ਵਿੱਚ ਵਿਸ਼ਵ ਪੱਧਰ 'ਤੇ ਇਸ਼ਤਿਹਾਰ ਦੇਣ ਲਈ ਸੰਪਰਕ ਕਰੋ :
+447458381111 +447976210161 +919729091243

## 1984 ਵਿੱਚ ਹੋਏ ਸ਼ਹੀਦਾਂ ਸਿੰਘਾਂ ਦੀ ਯਾਦ ਵਿੱਚ ਦਮਦਮੀ ਟਕਸਾਲ ਵੱਲੋਂ

# ਪਿੰਡ ਲੀਲ ਕਲਾਂ ਵਿਖੇ ਸਜਾਏ ਸ਼ਹੀਦੀ ਦੀਵਾਨ







**ਚੌਕ ਮਹਿਤਾ, 12ਮਈ ( ਬਾਬਾ ਸੁਖਵੰਤ ਸਿੰਘ ਚੰਨਣਕੇ)**-ਦਮਦਮੀ ਟਕਸਾਲ ਦੇ ਮੁਖੀ ਤੇ ਸੰਤ ਸਮਾਜ ਦੇ ਪ੍ਰਧਾਨ ਸੰਤ ਗਿਆਨੀ ਹਰਨਾਮ ਸਿੰਘ ਖਾਲਸਾ ਦੀ ਰਹਿਨੁਮਾਈ ਹੇਠ ਜੂਨ '84 ਦੇ ਤੀਸਰਾ ਘੱਲੂਘਾਰਾ ਦੌਰਾਨ ਸ਼ਹੀਦ ਹੋਏ ਸਿੰਘਾਂ-ਸਿੰਘਣੀਆਂ ਤੇ ਭੁਚੰਗੀਆਂ ਦੀ ਯਾਦ ਨੂੰ ਸਮਰਪਿਤ ਵੱਖ ਵੱਖ ਨਗਰਾਂ ਵਿਚ ਕਥਾ-ਕੀਰਤਨ ਸਮਾਗਮ ਕੀਤੇ ਜਾ ਰਹੇ ਹਨ। ਜਿਸ ਦੇ ਚਲਦਿਆਂ ਅੱਜ ਪਿੰਡ ਲੀਲ ਕਲਾਂ ਵਿਖੇ ਸ਼ਾਮ ਵੇਲੇ ਦਾ ਧਾਰਮਿਕ ਦੀਵਾਨ ਸਜਾਇਆ ਗਿਆ। ਜਿਸ ਵਿਚ ਦਮਦਮੀ ਟਕਸਾਲ ਦੇ ਹਜ਼ੂਰੀ ਰਾਗੀ ਭਾਈ ਲਵਪਰੀਤ ਸਿੰਘ ਦੇ ਜਥੇ ਨੇ ਇਲਾਹੀ ਬਾਣੀ ਦਾ ਕੀਰਤਨ ਸਰਵਣ ਕਰਵਾਇਆ। ਉਪਰੰਤ ਦਮਦਮੀ ਟਕਸਾਲ ਦੇ ਮੁਖੀ ਸੰਤ ਬਾਬਾ ਹਰਨਾਮ ਸਿੰਘ ਖਾਲਸਾ ਨੇ ਵੱਡੀ ਗਿਣਤੀ ਵਿਚ ਜੁੜ ਬੈਠੀਆ ਸੰਗਤਾਂ ਨਾਲ ਗੁਰਮਤਿ ਵਿਚਾਰਾਂ ਦੀ ਸਾਂਝ ਪਾਈਦੀਵਾਨ ਛੇਵੇਂ ਪਾਤਸ਼ਾਹ ਸਾਹਿਬ ਸ੍ਰੀ ਗੁਰੂ ਹਰਗੋਬਿੰਦ ਸਾਹਿਬ ਜੀ ਇਤਹਾਸ, ਪਵਿੱਤਰ ਪਾਵਨ ਗ੍ਰੰਥ ਸੂਰਜ ਪਰਕਾਸ਼ ਵਿੱਚੋਂ ਸੰਗਤਾਂ ਨੂੰ ਸਰਵਨ ਕਰਾਇਆ। ਦੀਵਾਨ ਦੀ ਸਮਾਪਤੀ ਮੌਕੇ ਪ੍ਰਬੰਧਕਾਂ ਦੇ ਵੱਲੋਂ ਵਿਸ਼ੇਸ਼ ਰੂਪ ਵਿਚ ਸੰਤ ਗਿਆਨੀ ਹਰਨਾਮ ਸਿੰਘ ਖਾਲਸਾ ਦਾ ਸਨਮਾਨ ਕੀਤਾ ਗਿਆ। ਇਸ ਸਮੇਂ ਗਿਆਨੀ ਖਾਲਸਾ ਨੇ ਸੰਗਤ ਨੂੰ ਖਾਸ ਕਰਕੇ ਨੌਜਵਾਨਾਂ ਨੂੰ ਦਾੜ੍ਹੀ ਕੇਸ ਰੱਖਣ, ਅੰਮ੍ਰਿਤ ਛੱਕਣ ਤੇ ਸਿੰਘ ਸੱਜਣ ਲਈ ਪ੍ਰੇਰਿਤ ਕੀਤਾ। ਜਿਕਰਯੋਗ ਹੈ ਕਿ ਹਰ ਸਾਲ ਦੀ ਤਰਾਂ ਸੰਤ ਗਿਆਨੀ ਹਰਨਾਮ ਸਿੰਘ ਖਾਲਸਾ ਦੀ ਯੋਗ ਅਗਵਾਈ ਵਿਚ ਜੂਨ 1984 ਦਾ ਤੀਸਰੇ ਘੱਲੂਘਾਰੇ ਦੇ ਸ਼ਹੀਦਾਂ ਦੀ ਮਿੱਠੀ ਯਾਦ ਨੂੰ ਸਮਰਪਿਤ 41ਵਾਂ ਮਹਾਨ ਸ਼ਹੀਦੀ ਸਮਾਗਮ ਦਮਦਮੀ ਟਕਸਾਲ ਦੇ ਹੈਡਕੁਆਰਟਰ ਗੁਰਦੁਆਰਾ ਗੁਰਦਰਸ਼ਨ ਪ੍ਰਕਾਸ਼ ਮਹਿਤਾ ਵਿਖੇ ਅੰਤਰਰਾਸ਼ਟਰੀ ਪੱਧਰ ਤੇ ਮਨਾਇਆ ਜਾ ਰਿਹਾ ਹੈ। ਜਿਸ ਤਹਿਤ 1 ਮਈ ਤੋਂ 31 ਮਈ ਤਕ ਰੋਜਾਨਾ ਵੱਖ ਵੱਖ ਨਗਰਾਂ ਵਿਚ ਸ਼ਹੀਦੀ ਦੀਵਾਨ ਸਜਾਏ ਜਾ ਰਹੇ ਹਨ। ਇਸ ਸਮੇਂ ਮੰਚ ਸੰਚਾਲਨ ਦੀ ਸੇਵਾ ਪ੍ਰਿੰਸੀਪਲ ਹਰਸ਼ਦੀਪ ਸਿੰਘ ਰੰਧਾਵਾ ਵੱਲੋਂ ਨਿਭਾਈ ਗਈ। ਇਸ ਦੌਰਾਨ ਬਹੁਤ ਗਿਣਤੀ ਵਿੱਚ ਸੰਗਤਾਂ ਨੇ ਹਾਜਰੀਆ ਭਰੀਆਂ, ਇਸ ਮੌਕੇ ਤੇ ਲੀਲ ਕਲਾਂ ਪਿੰਡ ਦੀ ਪੰਚਾਇਤ, ਗੁਰਦੁਆਰਾ ਸਾਹਿਬ ਦੀ ਪ੍ਰਬੰਦਕ ਕਮੇਟੀ ਦੇ ਪ੍ਰਧਾਨ ਅਤੇ ਸਮੂਹ ਮੈਬਰ ਭਾਈ ਹਰਸ਼ਦੀਪ ਸਿੰਘ ਰੰਧਾਵਾ, ਡਾ. ਅਵਤਾਰ ਸਿੰਘ ਬੁੱਟਰ (ਦੋਵੇਂ ਮੈਂਬਰ ਚੀਫ ਖਾਲਸਾ ਦੀਵਾਨ) ਜਥੇਦਾਰ ਬਾਬਾ ਬੋਹੜ ਸਿੰਘ, ਦਮਦਮੀ ਟਕਸਾਲ ਦੇ ਮੁੱਖ ਬੁਲਾਰੇ ਜਥੇਦਾਰ ਗਿਆਨੀ ਸੁਖਦੇਵ ਸਿੰਘ, ਜਥੇਦਾਰ ਬਾਬਾ ਬੋਹੜ ਸਿੰਘ, ਪਰੋਫੈਸਰ ਜੋਬਨਜੀਤ ਸਿੰਘ ਦਮਦਮੀ ਟਕਸਾਲ, ਭਾਈ ਭਾਗ ਸਿੰਘ ਦਮਦਮੀ ਟਕਸਾਲ, ਤਰਨਾ ਦੱਲ ਮਹਿਤਾ ਦੇ ਮੁੱਖੀ ਜਥੇਦਾਰ ਅਜੀਤ ਸਿੰਘ, ਹੈਡ ਗਰੰਥੀ ਗਿਆਨੀ ਗੁਰਦੀਪ ਸਿੰਘ ਦਮਦਮੀ ਟਕਸਾਲ, ਸਰਪੰਚ ਕਸ਼ਮੀਰ ਸਿੰਘ ਕਾਲ਼ਾ, ਸਰਪੰਚ ਹਰਜਿੰਦਰ ਸਿੰਘ ਜੱਜ ਤੋਂ ਇਲਾਵਾ ਵੱਡੀ ਗਿਣਤੀ ਵਿਚ ਸੰਗਤਾਂ ਹਾਜਰ ਸਨ।

## ਗੁਰੂ ਹਰਿਕ੍ਰਿਸ਼ਨ ਪਬਲਿਕ ਸਕੂਲਾਂ ਦੇ ਵਿੱਤੀ ਸੰਕਟ ਦਾ ਕਾਰਨ ਢਿੱਲੀ ਕਾਨੂੰਨੀ ਪੈਰਵਾਈ : ਜੀਕੇ

# ਸਕੂਲਾਂ ਦਾ ਪ੍ਰਬੰਧ ਸਿਵਲ ਸੋਸਾਇਟੀ ਦੇ ਕਾਬਲ ਅਤੇ ਤਜਰਬੇਕਾਰ ਸਿੱਖਾਂ ਨੂੰ ਸੌਂਪਣ ਦੀ ਕੀਤੀ ਵਕਾਲਤ



**ਨਵੀਂ ਦਿੱਲੀ, 12 ਮਈ (ਆਵਾਜ਼ਿ ਕੌਮ ਬਿਊਰੋ)**-ਦਿੱਲੀ ਸਿੱਖ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਸਾਬਕਾ ਪ੍ਰਧਾਨ ਮਨਜੀਤ ਸਿੰਘ ਜੀਕੇ ਨੇ ਦਿੱਲੀ ਹਾਈਕੋਰਟ ਦੇ 2 ਮਈ ਨੂੰ ਗੁਰੂ ਹਰਿਕ੍ਰਿਸ਼ਨ ਪਬਲਿਕ ਸਕੂਲਾਂ ਦੇ ਵਿੱਤੀ ਸੰਕਟ 'ਤੇ ਆਏ ਹਾਲੀਆ ਹੁਕਮਾਂ ਸਬੰਧੀ ਅੱਜ ਮੀਡੀਆ ਨੂੰ ਸੰਬੋਧਨ ਕੀਤਾ। ਜੀਕੇ ਨੇ ਇਸ ਵਿੱਤੀ ਸੰਕਟ ਲਈ ਮੌਜੂਦਾ ਦਿੱਲੀ ਕਮੇਟੀ ਪ੍ਰਬੰਧਕਾਂ ਨੂੰ ਜ਼ਿੰਮੇਵਾਰ ਠਹਿਰਾਇਆ ਅਤੇ ਕਿਹਾ ਕਿ ਉਨ੍ਹਾਂ ਦਾ ਰਵੱਈਆ ਸਾਰੀ ਅਦਾਲਤੀ ਕਾਰਵਾਈ ਦੌਰਾਨ ਲਾਪਰਵਾਹੀ ਵਾਲਾ ਰਿਹਾ ਹੈ। ਕਾਨੂੰਨੀ ਪੈਰਵਾਈ ਦੀ ਢਿੱਲ ਗੁਰੂ ਹਰਿਕ੍ਰਿਸ਼ਨ ਪਬਲਿਕ ਸਕੂਲਾਂ ਦੇ ਵਿੱਤੀ ਸੰਕਟ ਦਾ ਕਾਰਨ ਬਣ ਗਈ ਹੈ। ਪਰ ਫਿਰ ਵੀ, ਜਦੋਂ ਭਾਰਤ ਅਤੇ ਪਾਕਿਸਤਾਨ ਵਿਚਕਾਰ ਜੰਗ ਦੀ



ਸਥਿਤੀ ਬਣੀ ਹੋਈ ਸੀ, ਤਾਂ ਉਨ੍ਹਾਂ ਨੇ 2 ਮਈ ਨੂੰ ਅਦਾਲਤੀ ਸੁਣਵਾਈ ਸਬੰਧੀ ਮੇਰੇ ਅਤੇ ਮੇਰੇ ਵਕੀਲ ਨਗਿੰਦਰ ਬੈਨੀਪਾਲ 'ਤੇ ਗੈਰ-ਪ੍ਰਮਾਣਿਤ ਦੋਸ਼ ਲਗਾਏ। ਜਿਸ ਕਾਰਨ ਮੈਨੂੰ ਅੱਜ ਬੋਲਣਾ ਪੈ ਰਿਹਾ ਹੈ। ਜੀਕੇ ਨੇ ਸਕੂਲ ਸਟਾਫ਼ ਦੀ ਲਗਭਗ 400 ਕਰੋੜ ਰੁਪਏ ਦੀ ਦੇਣਦਾਰੀ ਸਬੰਧੀ ਹੁਣ ਤੱਕ ਦੀਆਂ ਸਾਰੀ ਅਦਾਲਤੀ ਕਾਰਵਾਈਆਂ ਦਾ ਸਾਰ ਪੇਸ਼ ਕੀਤਾ ਅਤੇ ਦਾਅਵਾ ਕੀਤਾ ਕਿ ਮੇਰੇ ਵਕੀਲ ਨੇ ਇਸ ਮਾਮਲੇ ਵਿੱਚ ਦਿੱਲੀ ਹਾਈਕੋਰਟ ਵਿੱਚ ਮੇਰਾ ਹਲਫ਼ਨਾਮਾ ਦਾਇਰ ਕੀਤਾ ਸੀ। ਜਿਸ ਵਿੱਚ ਮੈਂ ਗੁਰਦੁਆਰੇ ਜਾਂ ਸਕੂਲ ਦੀ ਕਿਸੇ ਵੀ ਜਾਇਦਾਦ ਦੀ ਵਿਕਰੀ ਦਾ ਵਿਰੋਧ ਕੀਤਾ ਸੀ। ਪਰ ਦਿੱਲੀ ਕਮੇਟੀ ਦੇ ਪ੍ਰਧਾਨ ਹਰਮੀਤ ਸਿੰਘ ਕਾਲਕਾ ਨੇ ਪ੍ਰੈਸ ਕਾਨਫਰੰਸ ਕਰਕੇ ਮੇਰੇ ਅਤੇ ਮੇਰੇ ਵਕੀਲ ਵਿਰੁੱਧ ਮਨਘੜਤ ਦੋਸ਼ ਲਗਾਏ ਹਨ।

ਜੀਕੇ ਨੇ ਕਿਹਾ ਕਿ ਦਿੱਲੀ ਕਮੇਟੀ ਵੱਲੋਂ 30 ਜੂਨ, 2023 ਤੱਕ ਦਾਇਰ ਕੀਤੀ ਗਈ ਕਰਜ਼ਾ ਰਿਪੋਰਟ ਦੇ ਅਨੁਸਾਰ, 30 ਜੂਨ, 2023 ਤੱਕ ਗੁਰੂ ਹਰਿਕ੍ਰਿਸ਼ਨ ਪਬਲਿਕ ਸਕੂਲਾਂ ਦੇ 726 ਸੇਵਾਮੁਕਤ ਕਰਮਚਾਰੀਆਂ ਨੂੰ 77.23 ਕਰੋੜ ਰੁਪਏ ਅਤੇ 1152 ਸੇਵਾਮੁਕਤ ਕਰਮਚਾਰੀਆਂ ਨੂੰ 234.16 ਕਰੋੜ ਰੁਪਏ ਦੇਣਯੋਗ ਸਨ। ਇਸ ਤੋਂ ਇਲਾਵਾ, ਦਿੱਲੀ ਕਮੇਟੀ ਦੇ ਕਰਮਚਾਰੀਆਂ ਦੇ ਪ੍ਰਾਵੀਡੈਂਟ ਫੰਡ ਅਤੇ ਈ.ਐਸ.ਆਈ. ਫੰਡ ਵਿੱਚ ਵੀ ਇੱਕ ਵੱਡੀ ਦੇਣਦਾਰੀ ਬਕਾਇਆ ਹੈ। ਪਰ ਅਪਣੇ ਕੰਮਾਂ ਦੀ ਜਵਾਬਦੇਹੀ ਦੇਣ ਦੀ ਬਜਾਏ, ਉਹ ਸਾਨੂੰ ਸਵਾਲ ਕਰ ਰਹੇ ਹਨ। ਜੀਕੇ ਨੇ ਕਿਹਾ ਕਿ ਹਾਈਕੋਰਟ ਨੇ ਉਨ੍ਹਾਂ (ਪ੍ਰਧਾਨ ਅਤੇ ਜਨਰਲ ਸਕੱਤਰ) ਨੂੰ ਵਾਰ-ਵਾਰ ਫਟਕਾਰ ਲਗਾਉਣ ਤੋਂ ਬਾਅਦ ਅਦਾਲਤ ਦੇ ਹੁਕਮਾਂ ਦੀ ਉਲੰਘਣਾ ਦਾ ਦੋਸ਼ੀ ਠਹਿਰਾਇਆ ਹੈ। ਹੁਣ ਉਨ੍ਹਾਂ ਨੇ ਅਦਾਲਤ ਨੂੰ ਭਰੋਸਾ ਦਿੱਤਾ ਹੈ ਕਿ ਉਹ ਕਮੇਟੀ ਅਤੇ ਸਕੂਲਾਂ ਦੀਆਂ ਜਾਇਦਾਦਾਂ ਵਿੱਚ ਕੋਈ ਤੀਜੀ ਧਿਰ ਦਾ ਹਿੱਤ ਨਹੀਂ ਪੈਦਾ ਕਰਨਗੇ ਅਤੇ ਹਾਈਕੋਰਟ ਦੁਆਰਾ ਨਿਯੁਕਤ ਕੀਤੇ ਗਏ ਮੁੱਲਕਰਤਾ ਨਾਲ ਵੀ ਪੂਰਾ ਸਹਿਯੋਗ ਕਰਨਗੇ। ਇਹ ਕਮੇਟੀ ਅਤੇ ਸਕੂਲਾਂ ਦੇ ਮਨਮਾਨੇ ਕੰਮਕਾਜ 'ਤੇ ਇੱਕ ਤਰ੍ਹਾਂ ਦੀ ਅਦਾਲਤੀ ਪਾਬੰਦੀ ਹੈ। ਇਸ ਲਈ, ਉਨ੍ਹਾਂ ਨੂੰ ਆਪਣੇ ਅਹੁਦਿਆਂ 'ਤੇ ਬਣੇ ਰਹਿਣ ਦਾ ਕੋਈ ਨੈਤਿਕ ਅਧਿਕਾਰ ਨਹੀਂ ਹੈ। ਮੇਰਾ ਮੰਨਣਾ ਹੈ ਕਿ ਹੁਣ ਇਨ੍ਹਾਂ ਸਕੂਲਾਂ ਦੀ ਮਾਲਕੀ ਕਮੇਟੀ ਕੋਲ ਹੀ ਰੱਖਣੀ ਚਾਹੀਦੀ ਹੈ ਅਤੇ ਇਨ੍ਹਾਂ ਦਾ ਪ੍ਰਬੰਧ ਤੁਰੰਤ ਸਿਵਲ ਸੋਸਾਇਟੀ ਦੇ ਕਾਬਲ ਅਤੇ ਤਜਰਬੇਕਾਰ ਸਿੱਖਾਂ ਨੂੰ ਸੌਂਪਣਾ ਚਾਹੀਦਾ ਹੈ। ਇਸ ਮੌਕੇ ਐਡਵੋਕੇਟ ਨਗਿੰਦਰ ਬੈਨੀਪਾਲ ਨੇ ਸਕੂਲਾਂ ਦੀ ਮੌਜੂਦਾ ਸਥਿਤੀ ਦੇ ਕਾਨੂੰਨੀ ਪਹਿਲੂਆਂ ਬਾਰੇ ਵੀ ਜਾਣਕਾਰੀ ਦਿੱਤੀ। ਦਿੱਲੀ ਕਮੇਟੀ ਦੇ ਮੈਂਬਰ ਪਰਮਜੀਤ ਸਿੰਘ ਰਾਣਾ, ਸਤਨਾਮ ਸਿੰਘ ਖੀਵਾ, ਅਕਾਲੀ ਆਗੂ ਡਾ. ਪਰਮਿੰਦਰ ਪਾਲ ਸਿੰਘ, ਬਲਦੀਪ ਸਿੰਘ ਰਾਜਾ, ਜਤਿੰਦਰ ਸਿੰਘ ਬੌਬੀ ਅਤੇ ਜਗਜੀਤ ਸਿੰਘ ਇਸ ਮੌਕੇ ਮੌਜੂਦ ਸਨ।

## ਕੁਝ ਲੋਕ ਗੁਰੂ ਘਰਾਂ ਵਿਚ ਸਨਸਨੀ ਫੈਲਾਉਣੀ ਚਾਹੁੰਦੇ ਹਨ ਨੂੰ ਹਰਗਿਜ ਬਰਦਾਸ਼ਤ ਨਹੀਂ ਕੀਤਾ ਜਾਵੇਗਾ: ਭਾਈ ਹਿੰਮਤ ਸਿੰਘ ਜੀ ਜ਼ਿਲ੍ਹਾ ਪ੍ਰਧਾਨ ਏਕਨੂਰ ਖਾਲਸਾ ਫੌਜ਼



ਫਿਰੋਜ਼ਪੁਰ 12 ਮਈ (ਮਨੋਹਰ ਲਾਲ): ਮਰਹੂਮ ਸਾਬਕਾ ਜਥੇਦਾਰ ਸਿੰਘ ਸਾਹਿਬ ਜਥੇਦਾਰ ਬਲਵੰਤ ਸਿੰਘ ਜੀ ਨੰਦਗੜ੍ਹ ਜਿਨ੍ਹਾਂ ਨੇ ਲੰਮਾ ਸਮਾਂ ਸਿੱਖ ਪੰਥ ਦੀ ਸੇਵੀ ਕੀਤੀ, ਬਿਨ੍ਹਾ ਇਕ ਰੁਪਏ, ਤਨਖਾਹ ਉਨ੍ਹਾਂ ਦੇ ਦਿਲ ਵਿਚ ਦਰਦ ਸੀ, ਸਿੱਖ ਕੌਮ ਲਈ ਕਿਉਂਕਿ ਮਨਮਤੀ ਲੋਕ ਜਾਂ ਗਿਆਨ ਤੋਂ ਵਾਂਝੇ ਲੋਕ ਪਾਵਨ ਸ਼ਬਦ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦਾ ਨਿਰਾਦਰ ਕਰਦੇ ਸਨ, ਕਬਰਾਂ, ਮੜੀਆਂ ਤੇ ਸਮਾਧਾਂ ਜਾ ਹੋਰ ਗੁਰੂ ਮਤ ਤੋਂ ਉਲਟ ਕੰਮ ਕਰਦੇ ਸਨ, ਗੁਰੂ ਸਾਹਿਬ ਦਾ ਪ੍ਰਕਾਸ਼ ਕਰਕੇ ਨਿਰਾਦਰ ਕਰਦੇ ਸਨ, ਨੂੰ ਸਨਮੁੱਖ ਰੱਖਕੇ ਸਿੰਘ ਸਾਹਬ ਜਥੇਦਾਰ ਨੰਦਗੜ੍ਹ ਸਾਹਬ ਜੀ ਨੇ ਪੰਜਾਬ ਦੀਆਂ ਧਾਰਮਿਕ ਜਥੇਬੰਦੀਆਂ ਨੂੰ ਇਕ ਮੁੱਠ ਕਰਕੇ ਏਕ ਨੂਰ ਖਾਲਸਾ ਫੌਜ਼ ਦੀ ਸਥਾਪਨਾ ਕੀਤੀ। ਜਿਸ ਦੇ ਸਰਪ੍ਰਸਤ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਅਤੇ ਮੁੱਖ ਸੇਵਾਦਾਰ ਦੇ ਨਾਂ ਤੇ ਆਪ ਕੰਮ ਕਰਦੇ ਸਨ। ਜਥੇਬੰਦੀ ਦੇ ਹੋਕੇ 'ਚ ਆਉਣ ਤੇ ਖਾਸ ਕਰ ਮਾਲਵੇ ਵਿਚ ਬਹੁਤ ਹੁਣ ਤੱਕ ਸ੍ਰੀ ਗੁਰੂ ਗ੍ਰੰਥ ਸਾਹਿਬ ਦੀ ਹੁੰਦੀ ਬੇਅਦਬੀ ਨੂੰ ਠੱਲ ਪਾਈ। ਇਸ ਜਥੇਬੰਦੀ ਵਿਚ ਪੰਜਾਬ ਤੋਂ ਇਲਾਵਾ ਹਰਿਆਣਾ ਦੇ ਮੁੱਖ ਸੇਵਾਦਾਰ ਬਲਜਿੰਦਰ ਸਿੰਘ ਅਤੇ ਰਾਜਸਥਾਨ ਦੇ ਮੁੱਖ ਸੇਵਾਦਾਰ ਭਾਈ ਕੁਲਦੀਪ ਸਿੰਘ ਨੂੰ ਲਾਇਆ ਅਤੇ ਪੰਜਾਬ ਦੇ ਜ਼ਿਲ੍ਹਾ ਵਾਰ ਜਥੇਬੰਦੀ ਦੇ ਮੁੱਖ ਸੇਵਾਦਾਰ ਨਿਯੁਕਤ ਕੀਤੇ, ਪਰ ਏਕਨੂਰ ਖਾਲਸਾ ਫੌਜ ਵਿਚ ਕੁਝ ਕੁ ਉਹ ਲੋਕ ਵੀ ਸ਼ਾਮਲ ਹੋਏ ਜਿਨ੍ਹਾਂ ਨੇ ਜਥੇਬੰਦੀ ਅਤੇ ਜਥੇਦਾਰ ਨੰਦਗੜ੍ਹ ਸਾਹਿਬ ਦਾ ਨਾਮ ਵਰਤ ਕੇ ਗਲਤ ਕੰਮ ਕਰਦੇ ਰਹੇ, ਜਿਨ੍ਹਾਂ ਵਿਚੋਂ ਖਾਸ ਕਰ ਮੋਗੇ ਦਾ ਨਾ ਆਉਂਦਾ ਹੈ। ਗੁਰਮੁੱਖ ਸਿੰਘ ਨੂੰ ਮੋਗੇ ਦਾ ਸ਼ਹਿਰੀ ਪ੍ਰਧਾਨ ਨਿਯੁਕਤ ਕੀਤਾ ਸੀ, ਪਰ ਉਸ ਦੇ ਕੰਮ ਤੋਂ ਜਥੇਦਾਰ ਸੰਤੁਸ਼ਟ ਨਾ ਹੋਣ ਕਰਕੇ ਇਸ ਦੇ ਸਮੇਤ ਜਸਵਿੰਦਰ ਸਿੰਘ ਘੋਲੀਆ, ਪਿਛਲੇ ਦਿਨੀਂ ਕੋਟ ਰੋਡ ਮੋਗਾ ਵਿਖੇ ਬਹੁਤ ਵੱਡੇ ਗੁਰੂ ਘਰ ਵਿਖੇ ਲੰਗਰ ਹਾਲ ਵਿਚ ਮੇਜ ਕੁਰਸੀਆਂ ਲਗਾ ਕੇ ਤੇ ਭਈਆਂ ਨੂੰ ਲੰਗਰ ਵਰਤਾਉਣ ਲਾਇਆ ਸੀ ਜੋ ਉਸ ਜਗ੍ਹਾ ਤੰਬਾਕੂ ਬੀੜੀਆਂ ਦਾ ਸੇਵਨ ਕਰਦੇ ਹੋਏ ਪਾਏ ਗਏ ਤਾਂ ਜ਼ਿਲ੍ਹਾ ਪ੍ਰਧਾਨ ਭਾਈ ਹਰਦੀਪ ਸਿੰਘ ਮੋਗਾ ਨੇ ਸਖਤ ਨੋਟਿਸ ਲੈਂਦਿਆਂ ਉਨ੍ਹਾਂ ਨੂੰ ਤਾੜਨਾ ਕੀਤੀ ਕਿ ਸ੍ਰੀ ਅਕਾਲ ਤਖਤ ਸਾਹਿਬ ਦਾ ਹੁਕਮ ਹੈ ਕਿ ਲੰਗਰ ਹਾਲ ਵਿਚ ਕੁਰਸੀਆਂ ਮੇਜ ਨਹੀਂ ਲੱਗ ਸਕਦੇ ਅਤੇ ਨਾ ਹੀ ਤੰਬਾਕੂ ਬੀੜੀਆਂ ਪੀਣ ਵਾਲਾ ਲੰਗਰ ਵਰਤਾ ਸਕਦਾ ਹੈ। ਪਰ ਜਥੇਬੰਦੀ ਤੋਂ ਫਾਰਗ ਕੀਤੇ ਗੁਰਮੁੱਖ ਨਾਂ ਦੇ ਬੰਦੇ ਨੇ ਵਿਚ ਇੰਟਰ ਫੇਅਰ ਕਰਦਿਆਂ ਕਿਹਾ ਕਿ ਇਹ ਸਭ ਕੁਝ ਚੱਲਦਾ ਹੈ ਤੇ ਚੱਲਣ ਦਿਓ, ਪਰ ਏਕ ਨੂਰ ਖਾਲਸਾ ਫੌਜ਼ ਦੇ ਸਿੰਘ ਨੇ ਸਖਤੀ ਨਾਲ ਰੁਕਵਾਇਆ ਤੇ ਗੁਰੂ ਘਰ ਦੇ ਪ੍ਰਬੰਧਕਾਂ ਨੇ ਖਿਮਾ ਯਾਚਕਾ ਕਰਦਿਆਂ ਕਿਹਾ ਕਿ ਅੱਗੇ ਤੋਂ ਇਹੋ ਜਿਹੀ ਭੁੱਲ ਨਹੀਂ ਹੋਵੇਗੀ। ਪਰ ਕੁਝ ਲੋਕ ਗੁਰੂ ਘਰਾਂ ਵਿਚ ਸਨਸਨੀ ਫੈਲਾਉਣੀ ਚਾਹੁੰਦੇ ਹਨ ਨੂੰ ਹਰਗਿਜ ਬਰਦਾਸ਼ਤ ਨਹੀਂ ਕੀਤਾ ਜਾਵੇਗਾ।

## ਗੁਰਦੁਆਰਾ ਛੱਪੜੀ ਸਾਹਿਬ ਪਿੰਡ ਤੂਤ ਵਿਖੇ ਪੂਰਨਮਾਸ਼ੀ ਦਾ ਦਿਹਾੜਾ ਬੜੀ ਸ਼ਰਧਾ ਨਾਲ ਮਨਾਇਆ




ਫਿਰੋਜ਼ਪੁਰ 12 ਮਈ (ਮਨੋਹਰ ਲਾਲ): ਗੁਰਦੁਆਰਾ ਛੱਪੜੀ ਸਾਹਿਬ ਪਿੰਡ ਤੂਡ ਵਿਖੇ ਪੂਰਨਮਾਸ਼ੀ ਦਾ ਦਿਹਾੜਾ ਬੜੀ ਸ਼ਰਧਾ ਨਾਲ ਮਨਾਇਆ ਗਿਆ। ਇਸ ਮੌਕੇ ਤੇ ਸਭ ਤੋਂ ਪਹਿਲਾ ਸ੍ਰੀ ਅਖੰਡ ਪਾਠ ਸਾਹਿਬ ਜੀ ਦੇ ਭੋਗ ਪਾਏ ਗਏ, ਭੋਗ ਉਪਰੰਤ ਦੀਵਾਨ ਸਜਾਏ ਗਏ, ਜਿਸ ਵਿਚ ਰਾਗੀ, ਢਾਡੀ, ਕਵੀਸ਼ਰੀ ਜਥਿਆਂ ਨੇ ਆਪਣੀ ਮਧੁਰ ਬਾਣੀ ਨਾਲ ਗੁਰੂ ਇਤਿਹਾਸ ਸੁਣਾ ਕੇ ਨਿਹਾਲ ਕੀਤਾ। ਇਸ ਮੌਕੇ ਤੇ ਭਾਈ ਸਰਬਜੀਤ ਸਿੰਘ ਭਾਵਾ, ਭਾਈ ਮਿਲਖਾ ਸਿੰਘ ਡਗਰੂ, ਭਾਈ ਜੋਗਿੰਦਰ ਸਿੰਘ ਰੋਮਾਣਾ ਨੇ ਹਾਜ਼ਰੀ ਭਰੀ। ਇਸ ਮੌਕੇ ਤੇ ਗੁਰਦੁਆਰਾ ਛੱਪੜੀ ਸਾਹਿਬ ਪਿੰਡ ਤੂਤ ਦੇ ਮੁੱਖ ਸੇਵਾਦਾਰ ਸ੍ਰੀਮਾਨ ਸੰਤ ਬਾਬਾ ਬੋਹੜ ਸਿੰਘ ਜੀ ਤੂਤਾ ਵਾਲਿਆਂ ਨੇ ਸਭ ਤੋਂ ਪਹਿਲਾ ਸਰਬੱਤ ਦੇ ਭਲੇ ਦੀ ਅਰਦਾਸ ਕੀਤੀ ਕਿ ਹੇ ਵਾਹਿਗੁਰੂ ਸੱਚੇ ਪਾਤਿਸ਼ਾਹ ਆਪ ਜੀ ਦੇ ਮੇਹਰ ਸਦਕਾ ਹਿੰਦੁਸਤਾਨ ਅਤੇ ਪਾਕਿਸਤਾਨ ਦੀਆਂ ਸਰਕਾਰਾਂ ਨੇ ਮਨਾਂ ਵਿਚ ਮੇਹਰ ਪਾ ਕੇ ਹਿੰਦੁਤਸਾਨ ਪਾਕਿਸਤਾਨ ਦਾ ਜੰਗ ਟਲਿਆ, ਜਿਸ ਵਿਚ ਅਮਰੀਕਾ ਨੇ ਵਿਚੋਲਗੀ ਨਿਭਾਈ, ਉਸ ਦੀ ਵੀ ਪ੍ਰਸੰਸਾ ਕੀਤੀ ਕਿ ਜੰਗ ਬਹੁਤ ਮਾੜਾ ਹੁੰਦਾ ਹੈ। ਇਸ ਨਾਲ ਦੋਵਾਂ ਮੁਲਕਾਂ ਦੇ ਲੋਕ ਮਰਨੇ ਸੀ ਅਤੇ ਭਾਵੇਂ ਹਿੰਦੁਸਤਾਨ ਹੋਵੇ, ਭਾਵੇਂ ਪਾਕਿਸਤਾਨ ਦੀ ਜਨਤਾ ਮਰਨੀ ਸੀ ਜੋ ਕਿ ਖੁਦ ਜਨਤਾ ਨੇ ਵੇਖ ਲਿਆ ਹੈ ਕਿ ਜੰਗ ਦਾ ਮਾਹੌਲ ਕਿੰਨਾ ਦੁੱਖ ਭਰਿਆ ਹੁੰਦਾ ਹੈ। ਸਰਕਾਰਾਂ ਨੇ ਸਾਰੀ ਸਾਰੀ ਰਾਤ ਬਲੈਕ ਆਊਟ ਕੀਤਾ, ਜਿਸ ਨਾਲ ਲੋਕ ਤੜਪ ਉੱਠੇ, ਅਸੀਂ ਵਾਹਿਗੁਰੂ ਦੇ ਚਰਨਾਂ ਵਿਚ ਅਰਦਾਸ ਬੇਨਤੀ ਕਰਦੇ ਹਾਂ ਕਿ ਦੋਨੋਂ ਮੁਲਕਾਂ ਨੂੰ ਮੰਦਬੁੱਧੀ ਦੇਵੇ। ਇਸ ਮੌਕੇ ਤੇ ਸੰਤ ਬਾਬਾ ਬੋਹੜ ਸਿੰਘ ਤੂਤਾ ਵਾਲਿਆਂ ਨੇ ਧੰਨ ਧੰਨ ਸ੍ਰੀ ਗੁਰੂ ਅਮਰਦਾਸ ਜੀ ਮਹਾਰਾਜ ਜੀ ਦੇ ਪ੍ਰਕਾਸ਼ ਪੂਰਬ ਦੀਆਂ ਸੰਗਤਾਂ ਨੂੰ ਵਧਾਈ ਦਿੱਤੀ। ਬਾਬਾ ਜੀ ਨੇ ਸੰਗਤਾਂ ਨੂੰ ਅਪੀਲ ਕੀਤੀ ਕਿ ਉਹ ਘਰ ਬੈਠ ਕੇ ਵੱਧ ਤੋਂ ਵੱਧ ਵਾਹਿਗੁਰੂ ਜੀ ਦਾ ਜਾਪ ਕਰਨ। ਇਸ ਮੌਕੇ ਤੇ ਸਟੇਜ ਦੀ ਸੇਵਾ ਭਾਈ ਹਰਪਿੰਦਰ ਸਿੰਘ ਗੁਰਦੁਆਰਾ ਛੱਪੜੀ ਸਾਹਿਬ ਨੇ ਬਹੁਤ ਹੀ ਸੁਚੱਜੇ ਢੰਗ ਨਾਲ ਨਿਭਾਈ। ਇਸ ਮੌਕੇ 'ਤੇ ਗੁਰੂ ਕਾ ਲੰਗਰ ਅਤੁੱਟ ਵਰਤਾਇਆ ਗਿਆ।

## ਚੇਤਨਾ ਪਰਖ ਪ੍ਰੀਖਿਆ ਵਿੱਚ ਜੋਨ ਦੇ ਪੰਜ ਹਜ਼ਾਰ ਵਿਦਿਆਰਥੀਆ ਦੇ ਭਾਗ ਲੈਣ ਦਾ ਟੀਚਾ : ਪ੍ਰਦੇਸੀ

**ਖਰੜ, 12 ਮਈ (ਆਵਾਜ਼ਿ ਕੌਮ ਬਿਊਰੋ)**-ਤਰਕਸ਼ੀਲ ਸੁਸਾਇਟੀ ਪੰਜਾਬ ਵੱਲੋ ਵਿਦਿਆਰਥੀਆ ਦੀ ਵਿਗਿਆਨਕ ਸੋਚ ਦੇ ਵਿਕਾਸ ਲਈ ਹਰ ਸਾਲ ਆਯੋਜਿਤ ਕੀਤੀ ਜਾਂਦੀ ਚੇਤਨਾ ਪਰਖ ਪ੍ਰੀਖਿਆ ਬਹੁਤ ਹੀ ਨਤੀਜਾ ਮੁਖੀ ਰਹੀ ਹੈ। ਇਹ ਵਿਚਾਰ ਤਰਕਸ਼ੀਲ ਸੋਸਾਇਟੀ ਪੰਜਾਬ ਜੋਨ ਚੰਡੀਗੜ੍ਹ ਦੇ ਮੁੱਖੀ ਅਜੀਤ ਪ੍ਰਦੇਸੀ ਨੇ ਜੋਨ ਵਰਕਿੰਗ ਕਮੇਟੀ ਦੀ ਖਰੜ ਵਿਖੇ ਮੀਟਿੰਗ ਦੀ ਪ੍ਰਧਾਨਗੀ ਕਰਦੇ ਸਮੇ ਪ੍ਰਗਟ ਕੀਤੇ। ਉਹਨਾ ਨੇ ਦੱਸਿਆ ਕਿ ਇਸ ਸਾਲ 7ਵੀਂ ਚੇਤਨਾ ਪਰਖ ਪ੍ਰੀਖਿਆ ਵਿਚ ਜੋਨ ਚੰਡੀਗੜ੍ਹ ਤੋ ਪੰਜ ਹਜ਼ਾਰ ਵਿਦਿਆਰਥੀਆ ਦੇ ਭਾਗ ਲੈਣ ਦਾ ਟੀਚਾ ਰੱਖਿਆ ਗਿਆ ਹੈ। ਜੋਨ ਮੀਡੀਆ ਮੁੱਖੀ ਪ੍ਰਿੰ: ਖਰੜ ਗੁਰਮੀਤ ਅਤੇ ਸਭਿਆਚਾਰ ਵਿਭਾਗ ਮੁੱਖੀ ਜੋਗਾ ਸਿੰਘ ਨੇ ਦੱਸਿਆ ਕਿ ਜੋਨ ਅਧੀਨ ਆਉਂਦੇ ਜ਼ਿਲੇ ਮੁਹਾਲੀ , ਰੋਪੜ, ਫਤਿਹਗੜ੍ਹ ਸਾਹਿਬ ਅਤੇ ਚੰਡੀਗੜ੍ਹ ਦੀਆ ਵੱਖੋ-ਵੱਖ ਅੱਠ ਇਕਾਈਆ ਚੰਡੀਗੜ੍ਹ, ਮੁਹਾਲੀ, ਖਰੜ, ਰੋਪੜ, ਨੰਗਲ, ਬਸੀ ਪਠਾਣਾ, ਸਰਹਿੰਦ ਅਤੇ ਮੰਡੀ ਗੋਬਿੰਦਗੜ੍ਹ ਦੇ ਖੇਤਰ ਵਿੱਚ ਆਉਂਦੇ ਸਕੂਲਾਂ ਦੇ ਪਿੰਸੀਪਲਾਂ ਨਾਲ ਪਰਖ ਪ੍ਰੀਖਿਆ ਲਈ ਸੰਪਰਕ ਕੀਤਾ ਜਾਵੇ ਗਾ। ਜੋਨ ਮਾਨਸਿਕ ਸਿਹਤ ਵਿਭਾਗ ਮੁੱਖੀ ਸੰਦੀਪ ਬਸੀ ਪਠਾਣਾ ਅਤੇ ਵਿਤ ਵਿਭਾਗ ਮੁੱਖੀ ਸੈਲਿੰਦਰ ਸੋਹਾਲੀ ਨੇ ਦੱਸਿਆ ਕਿ ਅੱਜ ਦੇ ਹਾਲਾਤ ਵਿਚ ਸ਼ੋਸ਼ਲ ਮੀਡੀਆ ਤੇ ਝੂਠ ਸਚ ਨਿਤਾਰਾ ਕਰਨ ਲਈ ਵਿਅਕਤੀ ਦਾ ਤਰਕਸ਼ੀਲ ਨਜ਼ਰੀਆ ਹੋਣਾ ਬਹੁਤ ਲਾਜ਼ਮੀ ਹੈ। ਮੀਟਿੰਗ ਵਿੱਚ ਇਕਾਈ ਚੰਡੀਗੜ੍ਹ ਤੋ ਪ੍ਰੇਮ ਸਿੰਘ, ਮੋਹਾਲੀ ਤੋ ਡਾ: ਮਜੀਦ ਅਜਾਦ, ਖਰੜ ਤੋ ਕੁਲਵਿੰਦਰ ਨਗਾਰੀ, ਰੋਪੜ ਤੋ ਅਸ਼ੋਕ ਕੁਮਾਰ, ਬਸੀ ਤੋ ਮੈਨੇਜਰ ਹਰਨੇਕ ਸਿੰਘ ਅਤੇ ਸਰਹਿੰਦ ਤੋ ਮਨਦੀਪ ਸਿੰਘ ਨੇ ਦੱਸਿਆ ਕਿ ਇਸ ਵਾਰ ਵਿਦਿਆਰਥੀਆ ਵਿਚ ਚੇਤਨਾ ਪਰਖ ਪ੍ਰੀਖਿਆ ਲਈ ਬਹੁਤ ਉਤਸ਼ਾਹ ਹੈ। ਮੀਟਿੰਗ ਵਿੱਚ ਹਾਜ਼ਰ ਮਾਸਟਰ ਹਰਜੀਤ ਸਿੰਘ ਤਰਖਾਣ ਮਾਜਰਾ, ਲੈਕਚਰਾਰ ਕਰਨੈਲ ਸਿੰਘ, ਲੈਕਚਰਾਰ ਮਿਹਰ ਸਿੰਘ, ਸਮਸ਼ੇਰ ਸਿੰਘ ਚੋਟੀਆਂ ਅਤੇ ਸੁਰਿੰਦਰ ਸਿੰਬਲ ਮਾਜਰਾ ਨੇ ਸੁਝਾਅ ਦਿੱਤਾ ਕਿ ਸਾਨੂੰ ਜਾਦੂ ਵਾਰੇ ਪਾਏ ਜਾਂਦੇ ਭਰਮ ਭੁਲੇਖੇ ਦੂਰ ਕਰਨ।

ਭਾਰਤ - ਪਾਕਿ ਜੰਗਬੰਦੀ

# ਇਸ ਜੰਗਬੰਦੀ ਨੇ ਹੋਰ ਕਈ ਨਵੇਂ ਉਲਝਵੇਂ ਸਵਾਲ ਖੜ੍ਹੇ ਕਰ ਦਿੱਤੇ ਹਨ



ਸ਼ਿੰਗਾਰਾ ਸਿੰਘ ਢਿੱਲੋਂ (ਪ੍ਰੋ.)

**ਭਾਰਤ - ਪਾਕਿ** ਜੰਗ ਹਾਲ ਦੀ ਘੜੀ ਸਮਾਪਤ ਹੋਈ, ਦੋਵੇ ਦੇਸ਼ ਜਿੱਤ ਗਏ। ਸ਼ੁਭ ਸੰਕੇਤ ਨਿਰਦੋਸ਼ ਜਿੰਦਗੀਆਂ ਦਾ ਨੁਕਸਾਨ ਹੋਣੋ ਬਚਿਆ,ਪਰ ਪਹਿਲਗਾਮ ਦੇ ਦੋਸ਼ੀ ਨਹੀਂ ਮਿਲੇ ਤੇ ਨਾ ਹੀ ਉਹਨਾਂ ਦੀ ਖੋਜ ਪੜਤਾਲ ਦੀ ਰਿਪੋਰਟ ਅਜੇ ਤਿਆਰ ਹੋਈ ਹੈ । ਪੁਲਵਾਮਾ ਤੇ ਓੜੀ ਵਾਂਗ ਅਜੇ ਵੀ ਇਸ ਕਾਂਡ ਬਾਰੇ ਸਿਵਾਏ ਪਾਕਿਸਤਾਨ ਨੂੰ ਦੋਸ਼ੀ ਠਹਿਰਾਉਣ ਦੇ ਭਾਰਤ ਸਰਕਾਰ ਦੇ ਹੱਥ ਠਣ ਠਣ ਗੋਪਾਲ ਹੈ ।

ਉਂਜ ਇਹ ਜੰਗ ਬੇਸ਼ੱਕ ਚਾਰ ਦਿਨ ਦੀ ਬਜਾਏ ਚਾਰ ਸਾਲ ਲੱਗੀ ਰਹਿੰਦੀ, ਜਿੱਤ ਹਾਰ ਦਾ ਫੈਸਲਾ ਤਦ ਵੀ ਨਹੀਂ ਸੀ ਹੋਣਾ ।

ਹੈਰਾਨੀ ਇਸ ਗੱਲ ਦੀ ਹੈ ਕਿ ਚਾਚਾ ਟਰੰਪ, ਪਹਿਲਾਂ ਬਿਆਨ ਦਿੰਦਾ ਹੈ ਕਿ ਭਾਰਤ – ਪਾਕ ਜੰਗ ਨਾਲ ਉਸ ਦਾ ਕੋਈ ਵੀ ਲਾਗਾ ਦੇਗਾ ਨਹੀਂ, ਇਹਨਾਂ ਦੋਹਾਂ ਮੁਲਕਾਂ ਦੇ ਮਾਮਲੇ ਵਿਚ ਉਹ ਬਿਲਕੁਲ ਵੀ ਦਖਲ ਨਹੀਂ ਦੇਵੇਗਾ, ਪਰ ਚੌਵੀ ਘੰਟੇ ਦੇ ਅੰਦਰ ਅੰਦਰ ਹੀ ਚਾਚਾ ਟਰੰਪ ਯੂ ਟਰਨ ਮਾਰਕੇ ਨਵੀਂ ਸਟੇਟਮੈਂਟ ਨਾਲ ਟਵਿੱਟਰ ਹੈਂਡਲ ‘ਤੇ ਭਾਰਤ – ਪਾਕ ਜੰਗਬੰਦੀ ਦਾ ਸਾਰਾ ਸਿਹਰਾ ਹੀ ਆਪਣੇ ਸਿਰ ਬੰਨ੍ਹਦਾ ਹੋਇਆ ਦੋਹਾਂ ਮੁਲਕਾਂ ਨੂੰ ਵਧਾਈ ਦਿੰਦਾ ਨਜਰ ਆ ਰਿਹਾ ਹੁੰਦਾ ਹੈ ।

ਅਗਲੀ ਗੱਲ ਇਹ ਕਿ ਇਹ ਪਤਾ ਹੋਣ ਦੇ ਬਾਵਜੂਦ ਵੀ ਕਿ ਇਕੀਂਵੀ ਸਦੀ ਵਿਚ ਜੰਗ ਕਿਸੇ ਵੀ ਮਸਲੇ ਦਾ ਹੱਲ ਨਹੀਂ ਕਿਉਂਕਿ ਹੁਣ ਇਹ ਡਾਂਗਾਂ ਸੋਟਿਆਂ ਦੀ ਲੜਾਈ ਨਾ ਹੋ ਕੇ ਆਧੁਨਿਕ ਤਕਨੀਕ ਨਾਲ ਲੈਸ ਹਵਾਈ ਹਥਿਆਰਾਂ ਦੀ ਲੜਾਈ ਬਣ ਚੁੱਕੀ ਹੈ, ਇਕ ਜਗਾ ਬੈਠਿਆਂ ਹੀ ਰਿਮੋਟ ਨਿਸ਼ਾਨਾ ਫਿਕਸ ਕਰਕੇ ਮਿਜਾਇਲ ਤੇ ਡਰੋਨ ਦਾਗੇ ਜਾ ਸਕਦੇ ਹਨ, ਪਰ ਫਿਰ ਵੀ ਬਿਨਾ ਕਿਸੇ ਡੂੰਘੀ ਸੋਚ ਵਿਚਾਰ ਦੇ ਇਹ ਜੰਗ ਸ਼ੁਰੂ ਕੀਤੀ ਗਈ ਤੇ ਚਾਰ ਦਿਨਾਂ ਦੇ ਅੰਦਰ ਹੀ ਕਿਸੇ ਤੀਜੀ ਧਿਰ ਦੇ ਰਾਹੀਂ ਇਸ ਜੰਗ ਨੂੰ ਬੰਦ ਕਰਨ ਵਾਸਤੇ ਮਜਬੂਰ ਹੋਣਾ ਪਿਆ ।

ਡੋਨਾਲਡ ਟਰੰਪ ਦੁਆਰਾ ਭਾਰਤ – ਪਾਕਿ ਜੰਗ ਨੂੰ ਟਵਿੱਟਰ ਹੈਂਡਲ ਰਾਹੀਂ ਬੰਦ ਕਰਨ ਦੇ ਐਲਾਨ ਨਾਲ ਭਾਰਤ ਦੇ ਸਿਆਸੀ ਗਲਿਆਰਿਆਂ ਤੇ ਆਮ ਲੋਕਾਂ ਵਿਚ ਹੁਣ ਇਕ ਨਵੀਂ ਚਰਚਾ ਛਿੜ ਗਈ ਹੈ ਕਿ ਟਰੰਪ ਕੌਣ ਹੁੰਦਾ ਹੈ, ਦੋ ਗੁਆਂਢੀ ਮੁਲਕਾਂ ਦੀ ਲੜਾਈ ਨੂੰ ਬੰਦ ਕਰਨ ਦਾ ਐਲਾਨ ਕਰਨ ਵਾਲਾ ? ਭਾਰਤ ਤੇ ਪਾਕਿਸਤਾਨ ਦੇ ਮਾਮਲਿਆਂ ਵਿਚ ਉਸ ਨੇ ਕਿਸ ਹੈਸੀਅਤ ਵਿਚ ਦਖਲ ਦਿੱਤਾ ਤੇ ਇਹ ਟਵਿੱਟਰ ਫੁਰਮਾਨ ਜਾਰੀ ਕੀਤਾ ? ਰਾਹੁਲ ਗਾਂਧੀ ਤੇ ਸਮੁੱਚੀ ਵਿਰੋਧੀ ਧਿਰ ਨੇ ਇਸ ਸਬੰਧ ਵਿਚ ਕੇਂਦਰ ਦੀ ਭਾਜਪਾ ਸਰਕਾਰ ਨੂੰ ਸਪਸ਼ਟੀਕਰਨ ਦੇਣ ਵਾਸਤੇ ਲੋਕ ਸਭਾ ਦਾ ਵਿਸ਼ੇਸ਼ ਸਮਾਗਮ ਬੁਲਾਉਣ ਦੀ ਮੰਗ ਰੱਖ ਦਿੱਤੀ ਹੈ ।

ਪਹਿਲਗਾਮ ਵਿਚ 22 ਅਪਰੈਲ ਨੂੰ 26 ਲੋਕ ਮਾਰੇ ਗਏ, ਉਹਨਾਂ ਨੂੰ ਮਾਰਨ ਵਾਲੇ ਕੋਣ ਸਨ, ਮਾਰੇ ਗਏ ਲੋਕਾਂ ਦੇ ਪਰਿਵਾਰਾਂ ਵਾਸਤੇ ਸਰਕਾਰ ਨੇ ਉਹਨਾਂ ਦੀ ਹੁਣ ਤੱਕ ਕੀ ਸਹਾਇਤਾ ਕੀਤੀ ਹੈ ? ਕੀ ਇਸ ਚਾਰ ਦਿਨਾਂ ਦੀ ਜੰਗ ਨਾਲ ਹੁਣ ਇਹ ਮਸਲਾ ਬਿਨਾ ਕਿਸੇ ਅੱਤਵਾਦੀ ਨੂੰ ਫੜਿਆਂ ਹੀ ਸੁਲ਼ਝ ਗਿਆ ? ਇਸ ਗੱਲ ਦੀ ਕੀ ਗਰੰਟੀ ਹੈ ਕਿ ਭਵਿੱਖ ਵਿਚ ਇਸ ਤਰਾਂ ਦੀਆਂ ਮੰਦਭਾਗੀਆਂ ਘਟਨਾਵਾਂ ਹੁਣ ਦੇਸ਼ ਵਿਚ ਨਹੀਂ ਵਾਪਰਨਗੀਆਂ ?

ਲਾਂਘੇ ਬੰਦ ਕਰਕੇ, ਵੀਜੇ ਰੱਦ ਕਰਕੇ, ਸਿੰਧ ਦਰਿਆ ਦੇ ਪਾਣੀ ਵਾਲੀ ਸੰਧੀ ਰੱਦ ਕਰਕੇ ਅਸਲ ਕਿਹਨਾਂ ਲੋਕਾਂ ਦਾ ਨੁਕਸਾਨ ਕਰਨ ਦੀਆਂ ਗੱਲਾਂ ਹੋ ਰਹੀਆਂ ਹਨ ? ਦੋਹਾਂ ਮੁਲਕਾਂ ਦੇ ਆਮ ਅਵਾਮ ਨੂੰ ਬਲਦੀ ਦੇ ਬੂਥੇ ਵਿਚ ਕਿਓਂ ਝੋਕਿਆ ਜਾ ਰਿਹਾ ਹੈ ? ਗਰਮੀ ਦੀ ਵਰ੍ਹਦੀ ਅੱਗ ਵਿਚ ਬੰਬਾਂ ਮਿਜਾਇਲਾਂ ਨਾਲ ਅੱਗ ਵਰਸਾ ਕੇ, ਮਾਵਾਂ ਦੇ ਸੋਹਣੇ ਪੁੱਤ ਮਰਵਾ ਕੇ , ਕਿਹੜੇ ਅਮਨ ਤੇ ਸ਼ਾਂਤੀ ਦੀ ਆਸ ਰੱਖੀ ਜਾ ਸਕਦੀ ਹੈ ? ਇਸ ਸਵਾਲ ਦਾ ਉੱਤਰ ਭਾਰਤ ਸਰਕਾਰ ਨੂੰ ਹੁਣ ਦੇਣਾ ਹੀ ਪਵੇਗਾ ।

ਆਵਾਜ਼ਿ ਕੌਮ AWAZE QAUM International Newspaper & WEB TV

ਇਸ ਸਮੇਂ ਭਾਰਤੀ ਲੋਕਾਂ ਦੇ ਮਨਾਂ ਵਿਚ ਕੇਂਦਰ ਦੀ ਭਾਜਪਾ ਸਰਕਾਰ ਬਾਰੇ ਹੋਰ ਵੀ ਬਹੁਤ ਸਾਰੇ ਸਵਾਲ ਹਨ । ਇਹ ਉਹ ਸਵਾਲ ਹਨ ਜਿਹਨਾਂ ਤੋਂ ਭਾਜਪਾ ਕਿਸੇ ਨਾ ਕਿਸੇ ਤਰਾਂ ਦੇਸ਼ ਦੇ ਲੋਕਾਂ ਦਾ ਧਿਆਨ, ਹੋਰ ਮੁੱਦੇ ਵੱਲ ਭਟਕਾ ਕੇ, ਹਮੇਸ਼ਾ ਹੀ ਬਚਦੀ ਰਹੀ ਹੈ । ਦੇਸ਼ ਵਿਚ ਮਹਿੰਗਾਈ ਅਸਮਾਨ ‘ਤੇ ਹੈ , ਬੇਰੁਜਗਾਰੀ ਦੀ ਇੰਤਹਾ ਹੈ , ਦੇਸ਼ ਦੀ ਅਰਥ ਵਿਵਸਥਾ ਬੁਰੀ ਤਰਾਂ ਚਰਮਰਾ ਚੁੱਕੀ ਹੈ , ਭਾਰਤ ਚਾਰੇ ਪਾਸਿਓਂ ਵਿਰੋਧੀਆਂ ਨਾਲ ਘਿਰਿਆ ਹੋਇਆ ਹੈ, ਚੀਨ, ਨੇਪਾਲ, ਬੰਗਲਾ ਦੇਸ਼, ਸ੍ਰੀ ਲੰਕਾ ਤੇ ਪਾਕਿਸਤਾਨ ਆਦਿ ਮੁਲਕਾਂ ਨਾਲ ਇਸ ਦੇ ਸਬੰਧ ਤਲਖ ਹਨ । ਇਸ ਤਰਾਂ ਦੇ ਹਾਲਾਤਾਂ ਵਿਚ ਮੁਲਕ ਨੂੰ ਗੁਆਂਢੀ ਮੁਲਕ ਨਾਲ ਲੜਾਈ ਕਰਨ ਦੀ ਬਜਾਏ ਆਪਣੇ ਮੁਲਕ ਦੇ ਅੰਦਰੂਨੀ ਹਾਲਾਤਾਂ ਨੂੰ ਮਜਬੂਤ ਤੇ ਸਥਿਰ ਕਰਨ ਵੱਲ ਧਿਆਨ ਦੇਣਾ ਚਾਹੀਦਾ ਸੀ, ਪਰ ਹੋ ਸਭ ਕੁੱਝ ਉਲਟ ਪੁਲਟ ਹੀ ਰਿਹਾ ਹੈ, ਦੂਜੇ ਸ਼ਬਦਾਂ ਵਿਚ ਆਪਣੀਆਂ ਗਲਤੀਆਂ ਤੇ ਕਮੀਆਂ ਪੇਸ਼ੀਆਂ ਦਾ ਠੀਕਰਾ ਕਿਸੇ ਹੋਰ ਸਿਰ ਭੰਨਕੇ ਉਸ ਉਤੇ ਹਮਲਾ ਕਰਕੇ ਆਪਣੇ ਦੇਸ਼ ਦੇ ਲੋਕਾਂ ਦਾ ਧਿਆਨ ਭਟਕਾਉਣਾ, ਉਹਨਾਂ ਨੂੰ ਉੱਲੂ ਬਣਾਉਣਾ, ਇਕ ਦੋ ਵਾਰ ਤਾਂ ਚੱਲ ਸਕਦਾ ਹੈ , ਪਰ ਵਾਰ ਵਾਰ ਓਹੀ ਢੰਗ ਤਰੀਕਾ ਵਰਤਣਾ ਬਹੁਤਾ ਸਮਾਂ ਕਾਮਯਾਬ ਨਹੀਂ ਰਹਿੰਦਾ, ਕਾਠ ਦੀ ਹਾਂਡੀ ਵਾਰ ਵਾਰ ਨਹੀਂ ਰਿੱਝਦੀ । ਇਸ ਵਕਤ ਦੇਸ਼ ਦੀ ਜਨਤਾ ਜਾਗ ਚੁੱਕੀ ਹੈ ਤੇ ਜਨਤਾ ਨੂੰ ਪਤਾ ਲੱਗ ਚੁੱਕਾ ਹੈ ਕਿ ਵਾਰ ਵਾਰ ਇਹ ਅੱਤਵਾਦੀ ਕਾਂਡ ਅਸਲ ਵਿਚ ਕੌਣ ਕਰਵਾ ਰਿਹਾ ਹੈ ?

ਪਹਿਲਗਾਮ ਵਿਖੇ ਵਾਪਰੀ ਮੰਦਭਾਗੀ ਘਟਨਾ ਨੂੰ ਮਜ਼ਬੀ ਰੰਗਣ ਦੇ ਕੇ ਭੜਕਾਉਣ ਤੇ ਜੰਗ ਵਿਚ ਤਬਦੀਲ ਕਰਨ ਵਿਚ ਸਭ ਤੋਂ ਵੱਡਾ ਹੱਥ ਭਾਰਤੀਏ ਮੀਡੀਏ ਦਾ ਰਿਹਾ ।ਅਜ ਤੱਕ, ਜੀ ਨਿਊਜ, ਇੰਡੀਆ ਟੀ ਵੀ ਅਤੇ ਆਰ ਟੀ ਵੀ ਨੇ ਪੱਤਰਕਾਰੀ ਦੀਆਂ ਸਾਰੀਆਂ ਰਿਵਾਇਤਾਂ ਛਿੱਕੇ ‘ਤੇ ਟੰਗਕੇ ਇੰਤਹਾ ਦੀ ਪੀਲੀ ਪੱਤਰਕਾਰੀ ਕੀਤੀ, ਆਰਟੀਫੀਸ਼ਲ ਇੰਟੈਲੀਜੈਂਸ ਤਕਨੀਕ ਨਾਲ ਧੜਾ ਧੜ ਕਥਿਤ ਝੂਠੀਆਂ ਰੀਲਾਂ ਬਣਾ ਕੇ ਚੈਨਲਾਂ ਉੱਤੇ ਚਲਾ ਕੇ ਮੁਲਕ ਦੇ ਲੋਕਾਂ ਵਿਚ ਯੁੱਧ ਵਾਸਤੇ ਉਕਸਾਹਤ ਪੈਦਾ ਕੀਤੀ ਤੇ ਹਿੰਦੂ ਮੁਸਲਮ ਵਿਚਕਾਰ ਨਫਰਤੀ ਪਾੜਾ ਵਧਾਇਆ । ਇਹੋ ਕੁੱਝ ਪਾਕਿਸਤਾਨੀ ਚੈਨਲਾਂ ਉੱਤੇ ਵੀ ਚਲਦਾ ਰਿਹਾ । ਕਹਿਣ ਦਾ ਭਾਵ ਇਹ ਕਿ ਪੱਤਰਕਾਰੀ ਜੋ ਕਿ ਕਿਸੇ ਮੁਲਕ ਦਾ ਚੌਥਾ ਵੱਡਾ ਥੰਮ੍ਹ ਹੁੰਦੀ ਤੇ ਜਿਹਦਾ ਕੰਮ ਲੋਕਾਂ ਤੇ ਸਰਕਾਰਾਂ ਵਿਚਕਾਰ ਸਹੀ ਜਾਣਕਾਰੀ ਪਹੁੰਚਾ ਕੇ ਇਕ ਪੁਲ ਦਾ ਕਾਰਜ ਕਰਨਾ ਹੁੰਦਾ ਹੈ, ਭਾਰਤ – ਪਾਕਿ ਚਾਰ ਦਿਨਾਂ ਯੁੱਧ ਵਿਚਕਾਰ, ਇਹ ਮੀਡੀਆ ਪੂਰੀ ਤਰਾਂ ਗੈਰ ਜ਼ਿੰਮੇਵਾਰਾਨਾ ਭੂਮਿਕਾ ਨਿਭਾਉਂਦਾ ਰਿਹਾ ।

ਦੋਨੇਂ ਦੇਸ਼ਾਂ ਦੇ ਮੀਡੀਏ ਦੀਆਂ ਖਬਰਾਂ ਤੇ ਡਿਬੇਟ ਦੇਖਣ ਸੁਣਨ ਉਪਰੰਤ ਇਸ ਤਰਾਂ ਮਹਿਸੂਸ ਹੋ ਰਿਹਾ ਸੀ ਕਿ ਜਿਵੇਂ ਦੋਵਾਂ ਮੁਲਕਾਂ ਦੀ ਬਜਾਏ ਯੁੱਧ ਦੀ ਸਾਰੀ ਪਿੱਠਭੂਮੀ ਇਸ ਵਾਰ ਮੀਡੀਏ ਨੇ ਹੀ ਤਿਆਰ ਕੀਤੀ ਹੋਵੇ । ਰਹੀ ਗੱਲ ਸ਼ੋਸ਼ਲ ਮੀਡੀਏ ਦੀ ਤਾਂ ਸਭ ਅੱਛਾ ਹੈ, ਇਥੇ ਵੀ ਨਹੀਂ ਰਿਹਾ । ਇਥੇ ਵੀ ਫੇਕ ਖਬਰਾਂ, ਵੀਡੀਓ ਤੇ ਰੀਲਾਂ ਦੀ ਪੂਰੀ ਭਰਮਾਰ ਰਹੀ, ਪਰ ਜਿਹੜੀ ਗੱਲ ਨੇ ਮੇਰੇ ਮਨ ਨੂੰ ਬਹੁਤ ਠੇਸ ਪਹੁੰਚਾਈ, ਉਹ ਇਹ ਰਹੀ ਕਿ ਯੁੱਧ ਦੀ ਖੂਨੀ ਤਬਾਹੀ ਦਾ ਅੰਦਾਜਾ ਨਾ ਲਗਾਉਂਦਿਆਂ, ਸ਼ੋਸ਼ਲ ਮੀਡੀਏ ਉੱਤੇ ਭਾਰਤੀ ਤੇ ਪਾਕਿਸਤਾਨੀ ਸ਼ਹਿਰੀਆਂ ਵਲੋਂ ਇਸ ਦਾ ਭਰਪੂਰ ਮਜ਼ਾਕ ਉਡਾਇਆ ਗਿਆ । ਸ਼ੋਸ਼ਲ ਮੀਡੀਏ ਉੱਤੇ ਇਹ ਸਾਰਾ ਕੁੱਝ ਦੇਖ ਕੇ ਇਕ ਵਾਰ ਤਾਂ ਰੂਹ ਕੰਬ ਗਈ ਤੇ ਮਨ ਵਿਚ ਵਾਰ ਵਾਰ ਇਹ ਵਿਚਾਰ ਪੈਦਾ ਹੋਇਆ ਕਿ ਸ਼ਾਇਦ ਇੱਕੀਂਵੀ ਸਦੀ ਤੱਕ ਪਹੁੰਚ ਕੇ ਲੋਕ ਮਨਾਂ ਵਿਚੋਂ ਜਿਨੇਂ ਆਪਣੀ ਤਬਾਹੀ ਤੇ ਮੌਤ ਦਾ ਖੌਫ ਹੀ ਜਾਂਦਾ ਰਿਹਾ ਹੋਵੇ , ਮਨੁੱਖੀ ਜਾਨਾਂ ਦੀ ਕੋਈ ਕੀਮਤ ਹੀ ਨਾ ਰਹਿ ਗਈ ਹੋਵੇ । ਲੋਕਾਂ ਦਾ ਯੁੱਧ ਪ੍ਰਤੀ ਇਹ ਰਵੱਈਆ ਦਰਅਸਲ ਉਹਨਾਂ ਦੀ ਗਰਕ ਚੁੱਕੀ ਮਾਨਸਿਕ ਸੋਚ ਦਾ ਸੂਚਿਕ ਹੀ ਮੰਨਿਆ ਜਾ ਸਕਦਾ ਹੈ । ਹਰ ਗੱਲ ਦਾ ਮਜਾਕ ਨਹੀਂ ਬਣਾਇਆ ਜਾ ਸਕਦਾ, ਖਾਸ ਕਰਕੇ ਜਿਥੇ ਜਾਨ ‘ਤੇ ਆ ਬਣੀ ਹੋਵੇ ਤੇ ਬਰਬਾਦੀ ਸਾਹਮਣੇ ਖੜ੍ਹੀ ਕੂਕ ਰਹੀ ਹੋਵੇ, ਉਸ ਹਾਲਤ ਚ ਤਾਂ ਮਜਾਕ ਸੁੱਝਦਾ, ਪਰ ਇਸ ਜੰਗ ਤੋਂ ਪਹਿਲਾਂ ਤੇ ਦੌਰਾਨ ਇਹ ਜੋ ਕੁੱਝ ਵਾਪਰਿਆ ਅਤੀ ਮੰਦਭਾਗਾ ਤੇ ਨਿੰਦਣਯੋਗ ਵਰਤਾਰਾ ਹੀ ਰਿਹਾ ਹੈ ।

ਯੁੱਧਬੰਦੀ ਹੋ ਗਈ ਹੈ, ਇਸ ਨਾਲ ਬੇਸ਼ੱਕ ਸਰਹੱਦ ਦੇ ਦੋਵੇਂ ਪਾਸੇ ਦੇ ਸ਼ਹਿਰੀਆਂ ਨੂੰ ਵੱਡੀ ਰਾਹਤ ਮਿਲ ਜਾਵੇਗੀ, ਜਨਜੀਵਨ ਮੁੜ ਤੋਂ ਆਮ ਵਾਂਗ ਹੋ ਜਾਵੇਗਾ, ਸਭ ਲੋਕ ਆਪੋ ਆਪਣੇ ਕੰਮਾਂ ਧੰਦਿਆਂ ਵਿਚ ਮੁੜ ਤੋਂ ਰੁੱਝ ਜਾਣਗੇ, ਜੰਗੀ ਜਹਾਜਾਂ, ਗੋਲਿਆਂ ਤੇ ਮਿਜਾਇਲਾਂ ਦੀ ਗੜਗੜਾਹਟ ਸ਼ਾਂਤ ਹੋ ਜਾਵੇਗੀ, ਡਰੋਨਾਂ ਦੀ ਮੱਛਰ ਮਿਆਂਇਕ ਵੀ ਬੰਦ ਹੋ ਜਾਵੇਗੀ, ਪਰ ਦੋਵਾਂ ਮੁਲਕਾਂ ਦੇ ਸਿਆਸੀ ਆਸਮਾਨ ਉੱਤੇ ਕਸ਼ੀਦਗੀ ਦਾ ਤਾਪਮਾਨ ਅਜੇ ਠੰਢਾ ਹੋਣ ਦੀ ਬਜਾਏ ਹੋਰ ਮਚਣ ਦੇ ਅਸਾਰ ਵਧੇਰੇ ਨਜਰ ਆ ਰਹੇ ਹਨ, ਦੂਜੇ ਸ਼ਬਦਾਂ ਵਿਚ ਇੰਜ ਵੀ ਕਹਿ ਸਕਦੇ ਹਾਂ ਕਿ ਇਹ ਜੰਗਬੰਦੀ ਆਰਜੀ ਹੈ, ਜੰਗ ਦੁਬਾਰਾ ਵੀ ਸ਼ੁਰੂ ਹੋ ਸਕਦੀ ਹੈ, ਇਹ ਕਿਹੜੀ ਧਿਰ ਸ਼ੁਰੂ ਕਰਦੀ ਹੈ, ਇਸ ਦਾ ਫੈਸਲਾ ਸਮੇ ਦੇ ਗਰਭ ਵਿਚ ਹੈ, ਹਾਂ ! ਇਹ ਗੱਲ ਪੱਕੀ ਹੈ ਕਿ ਜਿੰਨਾ ਚਿਰ ਦੋਹਾਂ ਮੁਲਕਾਂ ਵਿਚਕਾਰ ਕੋਈ ਸਥਾਈ ਰਾਜ਼ੀਨਾਮਾ/ ਸੰਧੀ ਨਹੀਂ ਹੋ ਜਾਂਦੀ, ਉਨਾ ਚਿਰ ਕੁੱਜ ਵੀ ਸੰਭਵ ਹੋ ਸਕਦਾ ਹੈ, ਚਾਚੇ ਟਰੰਪ ਦਾ ਟਵੀਟ ਆਰਜੀ ਜੰਗਬੰਦੀ ਹੈ । ਇਕ ਗੱਲ ਜਾਂਦੇ ਜਾਂਦੇ ਹੋਰ ਕਹਿ ਜਾਵਾਂ ਕਿ ਇਹ ਕੰਧ ਉਤੇ ਲਿਖਿਆ ਸੱਚ ਹੈ ਕਿ ਜੰਗ ਕਦੇ ਵੀ ਕਿਸੇ ਮਸਲੇ ਦਾ ਹੱਲ ਨਹੀਂ ਹੁੰਦੀ । ਇਸ ਤੋਂ ਬਚਣਾ ਚਾਹੀਦਾ ਹੈ । ਦੂਜੀ ਗੱਲ, ਇਹ ਕਿ ਦੋਵਾਂ ਧਿਰਾਂ ਨੂੰ ਚੰਗੇ ਗੁਆਂਢੀ ਬਣਕੇ ਰਹਿਣਾ ਵਿਚਰਨਾ ਚਾਹੀਦਾ ਹੈ । ਇਕ ਦੂਜੇ ਉੱਤੇ ਦੋਸ਼ ਪ੍ਰਤੀ ਦੋਸ਼ ਲਗਾਉਣਾ ਮਾੜੀ ਮਾਨਸਿਕਤਾ ਦੀ ਨਿਸ਼ਾਨੀ ਹੁੰਦੀ ਹੈ । ਆਪਣੀਆਂ ਕਮਜੋਰੀਆਂ ਉੱਤੇ ਪਰਦਾਪੋਸ਼ੀ ਕਰਨ ਨਾਲ ਉਹ ਦੂਰ ਨਹੀਂ ਹੋ ਜਾਂਦੀਆਂ ਬਲਕਿ ਹੋਰ ਗੁੰਝਲਦਾਰ ਹੋ ਜਾਂਦੀਆਂ ਹਨ ।

ਕੁੱਲ ਮਿਲਾਕੇ ਹਾਲ ਦੀ ਘੜੀ ਜੰਗਬੰਦੀ ਨਾਲ ਦੋਹਾਂ ਮੁਲਕਾਂ ਵਿਚਕਾਰ ਠੰਢ ਵਰਤੀ ਹੈ ਤੇ ਆਮ ਸ਼ਹਿਰੀਆਂ ਨੂੰ ਸੁੱਖ ਦਾ ਸਾਹ ਆਇਆ ਹੈ , ਜੋ ਕਿ ਬਹੁਤ ਚੰਗੀ ਗੱਲ ਹੈ । ਇਹ ਸ਼ਾਂਤੀ ਸਦੀਵੀ ਹੋਵੇ, ਏਹੀ ਆਪਾਂ ਹਰ ਵੇਲੇ ਅਰਦਾਸ ਕਰਨੀ ਹੈ। ••









ਮਹੰਤ ਕਾਹਨ ਸਿੰਘ ਜੀ
(ਸੇਵਾ ਪੰਥੀ)
ਸੰਤ ਰਣਜੀਤ ਸਿੰਘ ਜੀ
(ਸੇਵਾ ਪੰਥੀ)

ਆਵਾਜ਼ਿ ਕੌਮ
AWAZE QAUM
International Newspaper & WEB TV




# Pakistan Gurdwara Yatra

**28th October to 7th November 2025**

**Yatra Includes 25+ Gurudwara Sahib Darshan.**

**Accommodation in hotels and travel within Pakistan and Yatra Start to Finish Point in AC Coaches**

ਪਾਕਿਸਤਾਨ ਵਿਖੇ ਸ੍ਰੀ ਨਨਕਾਣਾ ਸਾਹਿਬ ਤੋਂ ਇਲਾਵਾ 25 ਹੋਰ ਗੁਰਦੁਆਰਾ ਸਾਹਿਬਾਨ ਦੇ ਦਰਸ਼ਨ

**£1050**

Important Note: The Jatha will depart from Jalandhar Punjab from 28th October to 7th November 2025 to visit Gurdwara Sahibs of Pakistan with Nankana Sahib Yatra Committee and will end back at Jalandhar. The cost of traveling from Jalandhar to Jalandhar will be 1050 pounds including visa, transport, hotel stay and break fast and Dinner.

Note: It does not include flight ticket and insurance, it has to be done by the passenger himself.

ਜਰੂਰੀ ਨੋਟ : ਨਨਕਾਣਾ ਸਾਹਿਬ ਯਾਤਰਾ ਕਮੇਟੀ ਨਾਲ ਪਾਕਿਸਤਾਨ ਦੇ ਗੁਰਦੁਆਰਾ ਸਾਹਿਬਾਨ ਦੀ ਯਾਤਰਾ ਕਰਨ ਲਈ ਜਥਾ 28 ਅਕਤੂਬਰ ਜਲੰਧਰ ਤੋਂ 7 ਨਵੰਬਰ 2025 ਤੱਕ ਜਲੰਧਰ ਪੰਜਾਬ ਤੋਂ ਰਵਾਨਾ ਹੋਵੇਗਾ ਤੇ ਜਲੰਧਰ ਵਾਪਸ ਸਮਾਪਤ ਹੋਵੇਗਾ । ਜਲੰਧਰ ਤੋਂ ਜਲੰਧਰ ਆਉਣ ਜਾਣ ਦਾ ਖਰਚਾ ਵੀਜ਼ਾ, ਟਰਾਂਸਪੋਰਟ ਤੇ ਹੋਟਲ ਵਿੱਚ ਰਹਿਣ ਅਤੇ ਬਰੇਕ ਫਾਸਟ ਅਤੇ ਰਾਤ ਦੇ ਖਾਣੇ ਸਮੇਤ 1050 ਪੌਂਡ ਹੋਵੇਗਾ।

ਨੋਟ : ਇਸ ਵਿੱਚ ਜਹਾਜ਼ ਦੀ ਟਿਕਟ ਤੇ ਇੰਸ਼ੋਰੈਂਸ ਨਹੀਂ ਹੈ, ਉਹ ਯਾਤਰੀ ਨੇ ਆਪਣੇ ਆਪ ਕਰਵਾਉਣੀ ਹੈ।

✶-- ਗੁਰੂ ਪੰਥ ਦੇ ਸੇਵਾਦਾਰ --✶

ਨਨਕਾਣਾ ਸਾਹਿਬ ਯਾਤਰਾ ਕਮੇਟੀ ਯੂ ਕੇ/Nankana Sahib Yatra Committee UK

- ਭਾਈ ਰਘਵੀਰ ਸਿੰਘ ਵਾਲਸਾਲ/Bhai Raghbir Singh walsall

+447976210161

- ਭਾਈ ਬਲਜੀਤ ਸਿਘ ਕੰਗ/Bhai Baljit Singh Kang

+44 7780 605230

- ਬਾਬਾ ਬਘੇਲ ਸਿੰਘ ਯੂ ਕੇ (ਸਿੱਖ ਪ੍ਰਚਾਰਕ)/ Baba baghail Singh UK (Sikh Parchark)

+44 7568 517223

### ਮੋਦੀ ਸਰਕਾਰ, ਹਿੰਦੂ ਮੀਡੀਆ ਤੇ ਭਾਰਤੀ ਫ਼ੌਜ ਨੂੰ ਪਹਿਲਗਾਮ ਘਟਨਾ ਦੇ ਦੋਸ਼ੀ ਤਾਂ ਲੱਭੇ ਨਹੀਂ, ਸਗੋਂ ਜੰਗ ਕਾਰਨ ਪੰਜਾਬ ਅਤੇ ਕਸ਼ਮੀਰ ਦੇ

# ਸਿੱਖਾਂ ਤੇ ਮੁਸਲਮਾਨਾਂ ਨੂੰ ਬੇਵਜ੍ਹਾ ਨੁਕਸਾਨ ਝੱਲਣਾ ਪਿਆ : ਭਾਈ ਰਣਜੀਤ ਸਿੰਘ ਦਮਦਮੀ

**ਅੰਮ੍ਰਿਤਸਰ, 12 ਮਈ (ਆਵਾਜ਼ਿ ਕੌਮ ਬਿਊਰੋ)**- ਸਿੱਖ ਪ੍ਰਚਾਰਕ, ਪੰਥਕ ਲੇਖਕ ਅਤੇ ਸਿੱਖ ਯੂਥ ਫੈਡਰੇਸ਼ਨ ਭਿੰਡਰਾਂਵਾਲਾ ਦੇ ਕੌਮੀ ਪ੍ਰਧਾਨ ਭਾਈ ਰਣਜੀਤ ਸਿੰਘ ਦਮਦਮੀ ਟਕਸਾਲ ਨੇ ਕਿਹਾ ਕਿ ਹਿੰਦੂ ਸਰਕਾਰ ਨੂੰ ਪਹਿਲਗਾਮ 'ਚ ਮਾਰੇ ਗਏ ਹਿੰਦੂਆਂ ਦਾ ਤਾਂ ਦੁੱਖ ਹੈ, ਪਰ ਪੁੰਛ 'ਚ ਮਾਰੇ ਗਏ ਸਿੱਖਾਂ ਤੇ ਮੁਸਲਮਾਨਾਂ ਦਾ ਕੋਈ ਦੁੱਖ ਨਹੀਂ ਹੈ। ਇਹਨਾਂ ਲਈ ਨਾ ਤਾਂ ਕਿਸੇ ਨੇ ਅਪ੍ਰੇਸ਼ਨ ਸੰਧੂਰ ਕਰਨਾ ਹੈ ਤੇ ਨਾ ਹੀ ਕੁਝ ਹੋਰ, ਸਿੱਖਾਂ ਤੇ ਮੁਸਲਮਾਨਾਂ ਨੂੰ ਕੋਈ ਇਨਸਾਫ਼ ਨਹੀਂ ਮਿਲਣਾ। ਸਿੱਖਾਂ ਨੂੰ ਪਾਕਿਸਤਾਨ ਵਿਰੁੱਧ ਭੜਕਾਉਣ ਲਈ ਸਿੱਖਾਂ ਦੀ ਤਾਂ ਫਿਰ ਵੀ ਖ਼ਬਰ ਚਲਾ ਦਿੱਤੀ ਪਰ ਮੁਸਲਮਾਨਾਂ ਦਾ ਸਿੱਖਾਂ ਤੋਂ ਬਿਨ੍ਹਾਂ ਕਿਸੇ ਨੇ ਦਰਦ ਨਾ ਵੇਖਿਆ। ਕਸ਼ਮੀਰ ਦੇ ਪੁਣਛ ਵਿੱਚ ਮੁਸਲਮਾਨਾਂ ਦੇ ਬੱਚਿਆਂ ਨੂੰ ਧਰਮ ਦੀ ਸਿੱਖਿਆ ਦੇਣ ਵਾਲੇ ਮਾਰੇ ਗਏ ਇੱਕ ਨੇਕ ਮੁਸਲਮਾਨ ਨੂੰ ਵੀ ਭਾਰਤੀ ਮੀਡੀਆ ਨੇ ਪਾਕਿਸਤਾਨ ਦਾ ਵੱਡਾ ਅੱਤਵਾਦੀ ਬਣਾ ਦਿੱਤਾ। ਪੰਜਾਬ ਦੇ ਸਰਹੱਦੀ ਇਲਾਕਿਆਂ ਵਿੱਚ ਕਈ ਸਿੱਖਾਂ ਦੇ ਘਰਾਂ ਦਾ ਉਜਾੜਾ ਹੋ ਗਿਆ ਪਰ ਭਾਰਤੀਏ ਖੁਸ਼ੀਆਂ ਮਨਾਉਂਦੇ ਰਹੇ। ਦਿੱਲੀ, ਗੁਜਰਾਤ, ਬੰਬੇ ਵਿੱਚ ਕੋਈ ਬਲੈਕ ਆਊਟ ਨਹੀਂ ਹੋਇਆ, ਕੋਈ ਡਰੋਨ ਜਾਂ ਮਿਜ਼ਾਇਲ ਨਹੀਂ ਡਿੱਗੀ, ਕੋਈ ਦਹਿਸ਼ਤ ਦਾ ਮਾਹੌਲ ਨਹੀਂ ਬਣਾਇਆ ਗਿਆ। ਪਰ ਦੂਜੇ ਪਾਸੇ ਪੰਜਾਬ ਅਤੇ ਕਸ਼ਮੀਰ ਨੂੰ ਤਬਾਹ ਕਰਨ ਲਈ ਜੰਗ ਦਾ ਮਾਹੌਲ ਸਿਰਜ ਦਿੱਤਾ ਗਿਆ, ਥੋੜੇ ਦਿਨਾਂ ਵਿੱਚ ਪੰਜਾਬੀਆਂ ਤੇ ਕਸ਼ਮੀਰੀਆਂ ਨੂੰ ਵੱਡਾ ਨੁਕਸਾਨ ਝੱਲਣਾ ਪਿਆ ਅਤੇ ਭਾਰਤ ਭਰ ਦੇ ਮੁਸਲਮਾਨਾਂ ਨੂੰ ਵੀ ਫ਼ਿਰਕੂ ਹਿੰਦੂਤਵੀਆਂ ਦੇ ਜ਼ੁਲਮ ਦਾ ਸ਼ਿਕਾਰ ਹੋਣਾ ਪਿਆ। ਭਾਰਤੀ ਹਿੰਦੂ ਮੀਡੀਆ ਤਾਂ ਹਰ ਰਾਤ ਹੀ ਪਾਕਿਸਤਾਨ ਦੇ ਕਈ ਇਲਾਕਿਆਂ ਉੱਤੇ ਕਬਜ਼ਾ ਕਰ ਲੈਂਦਾ ਸੀ, ਮੀਡੀਆ ਨੇ ਰੱਜ ਕੇ ਝੂਠ ਅਤੇ ਨਫ਼ਰਤ ਨੂੰ ਫੈਲਾਇਆ, ਜੰਗਬੰਦੀ ਕਾਰਨ ਮੀਡੀਆ ਉਦਾਸ ਹੈ। ਜੰਗ ਦੇ ਮਹੌਲ ਵਿੱਚ ਸਭ ਤੋਂ ਵਧੀਆ ਤੇ ਅਹਿਮ ਰੋਲ ਸ. ਸਿਮਰਨਜੀਤ ਸਿੰਘ ਮਾਨ, ਸ. ਇਮਾਨ ਸਿੰਘ ਮਾਨ ਅਤੇ ਉਹਨਾਂ ਦੀ ਪਾਰਟੀ ਨੇ ਨਿਭਾਇਆ। ਅਮਰੀਕਾ ਵਾਲਾ ਟਰੰਪ ਤਾਂ ਬਾਅਦ ਵਿੱਚ ਆਇਆ, ਪਹਿਲਾਂ ਖ਼ਾਲਿਸਤਾਨੀ ਮਾਨ ਨੇ ਹੀ ਸ਼ਾਂਤੀ ਦਾ ਡੰਕਾ ਵਜਾਇਆ। ਇਸ ਦੇ ਨਾਲ ਹੀ ਕੁਝ ਭਾਰਤ ਪੱਖੀ ਸਿੱਖਾਂ ਨੂੰ ਭਾਰਤੀ ਰਾਸ਼ਟਰਵਾਦ ਦਾ ਭੂਤ ਚਿੰਬੜਦਾ ਵੀ ਨਜ਼ਰ ਆਇਆ ਤੇ ਉਹਨਾਂ ਨੇ ਪੰਥਕ ਸਿੱਖਾਂ ਨੂੰ ਰੱਜ ਕੇ ਮਿਹਣੇ ਮਾਰੇ। ਥੋੜੇ ਦਿਨਾਂ ਵਿੱਚ ਹੀ ਐਨਾ ਕੁਝ ਹੋ ਗਿਆ ਪਰ ਭਾਰਤ ਸਰਕਾਰ, ਭਾਰਤੀ ਮੀਡੀਆ ਤੇ ਭਾਰਤੀ ਫ਼ੌਜ ਨੂੰ ਪਹਿਲਗਾਮ ਵਿੱਚ ਬੇਦੋਸ਼ੇ ਲੋਕਾਂ ਨੂੰ ਮਾਰਨ ਵਾਲੇ ਅੱਤਵਾਦੀ ਨਹੀਂ ਲੱਭੇ ਤੇ ਨਾ ਹੀ ਲੱਭਣੇ ਹਨ, ਦਾਲ ਵਿੱਚ ਹੀ ਕੁਝ ਕਾਲ਼ਾ ਨਹੀਂ, ਪੂਰੀ ਦਾਲ ਹੀ ਕਾਲ਼ੀ ਹੈ। ਸਿੱਖਾਂ ਨੂੰ ਤਾਂ ਚਿੱਠੀ ਸਿੰਘਪੁਰਾ ਵੀ ਯਾਦ ਹੈ, ਪਹਿਲਗਾਮ ਅਤੇ ਪੁੰਛ ਵੀ ਯਾਦ ਰਹੇਗਾ। ਭਾਈ ਰਣਜੀਤ ਸਿੰਘ ਦਮਦਮੀ ਟਕਸਾਲ ਨੇ ਕਿਹਾ ਕਿ ਖ਼ਾਲਿਸਤਾਨ ਦੀ ਸਥਾਪਨਾ ਨਾਲ ਭਾਰਤ ਅਤੇ ਪਾਕਿਸਤਾਨ ਦੋਵਾਂ ਦੇਸ਼ਾਂ ਵਿੱਚ ਸ਼ਾਂਤੀ ਬਣੀ ਰਹੇਗੀ, ਇਸ ਕਰਕੇ ਖ਼ਾਲਿਸਤਾਨ ਦੀ ਅਜ਼ਾਦੀ ਲਈ ਅੰਤਰਰਾਸ਼ਟਰੀ ਭਾਈਚਾਰੇ ਨੂੰ ਆਵਾਜ਼ ਬੁਲੰਦ ਕਰਨੀ ਚਾਹੀਦੀ ਹੈ।



### ਹਲਕਾ ਜੰਡਿਆਲਾ ਗੁਰੂ ਵਿੱਚ ਰਵਾਇਤੀ ਪਾਰਟੀਆਂ ਦੇ ਵਰਕਰ ਤੁਰੇ ਆਮ ਆਦਮੀ ਪਾਰਟੀ ਨਾਲ

# ਮਹਿਤਾ ਚੌਕ ਵਿਚ ਕਾਂਗਰਸ ਨੂੰ ਲੱਗਾ ਵੱਡਾ ਝਟਕਾ



**ਜੰਡਿਆਲਾਗੁਰੂ, 12 ਮਈ ( ਕੁਲਵੰਤ ਸਿੰਘ ਵਿਰਦੀ)**-ਮੁੱਖ ਮੰਤਰੀ ਭਗਵੰਤ ਸਿੰਘ ਮਾਨ ਵੱਲੋਂ ਪੰਜਾਬ ਦੇ ਵਿਕਾਸ ਅਤੇ ਹਰ ਵਰਗ ਦੇ ਕਲਿਆਣ ਲਈ ਸ਼ੁਰੂ ਕੀਤੀ ਗਈਆਂ ਕ੍ਰਾਂਤੀਕਾਰੀ ਸਕੀਮਾਂ ਅਤੇ ਹੁਣ ਨਸ਼ਿਆਂ ਨੂੰ ਨੱਥ ਪਾਉਣ ਲਈ ਕੀਤੀ ਜਾ ਰਹੀ ਠੋਸ ਕਾਰਵਾਈ ਤੋਂ ਪ੍ਰਭਾਵਿਤ ਹੋ ਕੇ ਰਵਾਇਤੀ ਪਾਰਟੀਆਂ ਦੇ ਵਰਕਰ ਅਤੇ ਨੇਤਾ ਆਮ ਆਦਮੀ ਪਾਰਟੀ ਨਾਲ ਤੁਰਨੇ ਸ਼ੁਰੂ ਹੋ ਗਏ ਹਨ। ਇਸ ਦੀ ਮਿਸਾਲ ਅੱਜ ਜੰਡਿਆਲਾ ਗੁਰੂ ਦੇ ਪਿੰਡ ਮਹਿਤਾ ਚੌਕ ਵਿਖੇ ਮਿਲੀ ਜਦੋਂ ਕਾਂਗਰਸ ਨੂੰ ਛੱਡ ਕੇ ਕਾਂਗਰਸ ਦੇ ਸੀਨੀਅਰ ਆਗੂ ਕੈਬਨਿਟ ਮੰਤਰੀ ਸ: ਹਰਭਜਨ ਸਿੰਘ ਈ.ਟੀ.ਓ ਦੀ ਅਗਵਾਈ ਹੇਠ ਆਮ ਆਦਮੀ ਪਾਰਟੀ ਵਿੱਚ ਸ਼ਾਮਿਲ ਹੋ ਗਏ।

ਇਸ ਮੌਕੇ ਸੀਨੀਅਰ ਕਾਂਗਰਸੀ ਆਗੂ ਮਨੋਜ ਤਨੇਜਾ,ਰਮਨ ਤਨੇਜਾ, ਪੰਕਜ ਤਨੇਜਾ, ਮਨਵਿੰਦਰ ਸਿੰਘ ਮੰਨਾ, ਰਣਵੀਰ ਸਿੰਘ, ਲਵ ਤਨੇਜਾ,ਕਾਰਤਿਕ ਨੇਜਾ, ਯੰਕਿਸ਼ ਅਰੋੜਾ, ਮਲਕੀਰਤ ਸਿੰਘ, ਮਨਪ੍ਰੀਤ ਸਿੰਘ ਮੰਨੂ, ਹਰਜੀਤ ਸਿੰਘ (ਬਾਬਾ), ਸੰਦੀਪ (ਸ਼ੈਂਟੀ) ਅਜੇਪਾਲ ਸਿੰਘ, ਬਲਵਿੰਦਰ ਸਿੰਘ, ਜਿੰਮੀ, ਜੈਨ ਤਨੇਜਾ, ਮੈਂਸੁਧੀਰ ਸ਼ਰਮਾ ਅਸ਼ੋਕ ਸ਼ਰਮਾ ਮਨਜੀਤ ਸਿੰਘ ਰਵੀ ਬਾਵਾ ਭਾਈ ਪ੍ਰੇਮ ਰਾਜਾ ਅਰੋੜਾ ਜੋ ਕਿ ਅੱਜ ਆਮ ਆਦਮੀ ਪਾਰਟੀ ਦੀਆਂ ਨੀਤੀਆਂ ਤੋਂ ਖੁਸ਼ ਹੋ ਕੇ ਪਾਰਟੀ ਵਿੱਚ ਸ਼ਾਮਿਲ ਹੋਏ। ਇਸ ਮੌਕੇ ਸ: ਈ.ਟੀ.ਓ ਨੇ ਇਹਨਾਂ ਨੂੰ ਪਾਰਟੀ ਵਿੱਚ ਆਉਣ ਉੱਤੇ ਜੀ ਆਇਆਂ ਕਹਿੰਦੇ ਭਰੋਸਾ ਦਿੱਤਾ ਕਿ ਪਾਰਟੀ ਵਿੱਚ ਉਹਨਾਂ ਦਾ ਪੂਰਾ ਮਾਣ ਸਤਿਕਾਰ ਕੀਤਾ ਜਾਵੇਗਾ। ਉਹਨਾਂ ਕਿਹਾ ਕਿ ਸਾਡੀ ਪਾਰਟੀ ਨੇ ਜੋ ਕਿਹਾ ਹੈ ਉਹ ਕਰਕੇ ਵਿਖਾਇਆ ਹੈ ਉਹਨਾਂ ਕਿਹਾ ਕਿ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਨੇ ਵਿਧਾਨ ਸਭਾ ਚੋਣਾਂ ਤੋਂ ਪਹਿਲਾਂ ਜੋ ਗਰੰਟੀਆਂ ਪੰਜਾਬੀਆਂ ਨੂੰ ਦਿੱਤੀਆਂ ਸਨ ਉਹ ਲਗਭਗ ਪੂਰੀਆਂ ਕਰ ਦਿੱਤੀਆਂ ਗਈਆਂ ਹਨ ਅਤੇ ਲਗਾਤਾਰ ਇਹਨਾਂ ਉੱਤੇ ਕੰਮ ਚੱਲ ਰਿਹਾ ਹੈ। ਉਹਨਾਂ ਜੰਡਿਆਲਾ ਹਲਕੇ ਦੀ ਗੱਲ ਕਰਦੇ ਹੋਏ ਦੱਸਿਆ ਕਿ ਇਸ ਪਛੜੇ ਹੋਏ ਸਮਝੇ ਜਾਂਦੇ ਹਲਕੇ ਵਿੱਚ ਮੈਂ ਪਿਛਲੇ ਤਿੰਨਾਂ ਸਾਲਾਂ ਵਿੱਚ ਵਿਕਾਸ ਦੀ ਹਨੇਰੀ ਲਿਆ ਦਿੱਤੀ ਹੈ ਅਤੇ ਅਜੇ ਕੰਮ ਲਗਾਤਾਰ ਜਾਰੀ ਹੈ। ਇਸ ਮੌਕੇ ਆਮ ਆਦਮੀ ਪਾਰਟੀ ਦੀ ਸਮੁੱਚੀ ਟੀਮ ਹਾਜ਼ਰ ਸੀ।

### ਈ.ਟੀ.ਓ ਨੇ ਦਿੱਤਾ ਪੂਰਾ ਮਾਣ ਸਤਿਕਾਰ ਦੇਣ ਦਾ ਭਰੋਸਾ

## ਬਾਬਾ ਬਲਜੀਤ ਸਿੰਘ ਜੀ ਦਾਦੂਵਾਲ ਨੂੰ ਹਰਿਆਣਾ ਗੁਰਦੂਆਰਾ ਪ੍ਰਬੰਧਕ ਕਮੇਟੀ ਦਾ ਮੈਂਬਰ ਨਾਮਜ਼ਦ ਕਰਨ ਦੇ ਫੈਸਲੇ ਦਾ ਮੈਂ ਸੁਆਗਤ ਕਰਦਾ ਹਾਂ : ਕਰਨੈਲ ਸਿੰਘ ਪੰਜੋਲੀ

**ਨਵੀਂ ਦਿੱਲੀ, 12 ਮਈ (ਆਵਾਜ਼ਿ ਕੌਮ ਬਿਊਰੋ)**-ਬਾਬਾ ਬਲਜੀਤ ਸਿੰਘ ਜੀ ਦਾਦੂਵਾਲ ਸਾਹਿਬ ਨੇ ਸਰਸੇ ਵਾਲੇ ਪਖੰਡੀ ਸਾਧ ਦੇ ਵਿਰੁੱਧ ਜਿੰਨੀ ਦਲੇਰੀ ਨਾਲ ਸੰਘਰਸ਼ ਕੀਤਾ ਹੈ , ਇਹ ਸਾਡੇ ਲਈ ਮਾਣ ਵਾਲੀ ਗੱਲ ਹੈ । ਬਾਬਾ ਬਲਜੀਤ ਸਿੰਘ ਦਾਦੂਵਾਲ ਸਾਹਿਬ ਉੱਤੇ ਬਾਦਲ ਸਰਕਾਰ ਨੇ ਵੱਖ ਵੱਖ ਧਰਾਵਾਂ ਅਧੀਨ ਕਈ ਵਾਰ ਪਰਚੇ ਵੀ ਦਰਜ ਕੀਤੇ ਅਤੇ ਕਈ ਵਾਰ ਜੇਲ ਵਿੱਚ ਬੰਦ ਕੀਤਾ , ਪਰਾਤੂੰ ਬਾਬ ਬਲਜੀਤ ਸਿੰਘ ਜੀ ਨੇ ਨਾ ਬਾਦਲ ਸਰਕਾਰ ਅਤੇ ਨਾ ਹੀ ਸਰਸੇ ਵਾਲੇ ਪਖੰਡੀ ਸਾਧ ਦੀ ਈਨ ਨਹੀਂ ਮੰਨੀ । ਧਰਮ ਪ੍ਰਚਾਰ ਦੇ ਖੇਤਰ ਵਿੱਚ ਬਾਬਾ ਬਲਜੀਤ ਸਿੰਘ ਜੀ ਨੇ ਮਾਣ ਮੱਤਾ ਰੋਲ ਅਦਾ ਕੀਤਾ ਹੈ । ਹਜ਼ਾਰਾਂ ਪਰਾਣੀਆ ਨੂੰ ਅੰਮ੍ਰਿਤ ਛਕਾ ਕੇ ਗੁਰੂ ਦੇ ਲੜ ਲਗਾਇਆ ਹੈ । ਬਾਬਾ ਬਲਜੀਤ ਸਿੰਘ ਜੀ ਦਾਦੂਵਾਲ ਸਾਹਿਬ ਨੂੰ ਹਰਾਉਣ ਲਈ ਬਾਦਲ ਪਰਵਾਰ ਨੇ ਪੂਰਾ ਜ਼ੋਰ ਲਾਇਆ ਅਤੇ ਸਰਸੇ ਵਾਲੇ ਪਖੰਡੀ ਸਾਧ ਨੇ ਵੀ ਪੂਰਾ ਜ਼ੋਰ ਲਾਇਆ । ਜਿਹੜੇ ਲੋਕ ਬਾਬ ਬਲਜੀਤ ਸਿੰਘ ਦਾਦੂਵਾਲ ਸਾਹਿਬ ਦਾ ਵਿਰੋਧ ਕਰਦੇ ਹਨ । ਅਸਲ ਵਿੱਚ ਉਹ ਸਰਸੇ ਵਾਲੇ ਸਾਧ ਦੀ ਹੀ ਹਮਾਇਤ ਕਰਦੇ ਹਨ । ਮੈਂ ਹਰਿਆਣਾ ਸਰਕਾਰ ਦਾ ਧੰਨਵਾਦ ਕਰਦਾ ਹਾਂ ਜਿਹਨਾਂ ਬਾਬ ਬਲਜੀਤ ਸਿੰਘ ਦਾਦੂਵਾਲ ਸਾਹਿਬ ਨੂੰ ਹਰਿਆਣਾ ਗੁਰਦੂਆਰਾ ਪ੍ਰਬੰਧਕ ਕਮੇਟੀ ਦਾ ਮੈਂਬਰ ਨਾਮਜ਼ਦ ਕੀਤਾ । ਬਾਬਾ ਬਲਜੀਤ ਸਿੰਘ ਜੀ ਪਿਛਲੇ ਸਮੇਂ ਧਰਮ ਪ੍ਰਚਾਰ ਕਮੇਟੀ ਦਾ ਚੇਅਰਮੈਨ ਬਣਕੇ ਬਹੁਤ ਸਾਰੇ ਧਾਰਮਿੱਕ ਸਮਾਗਮ ਕੀਤੇ ਸਨ । ਬਾਬਾ ਬਲਜੀਤ ਸਿੰਘ ਦਾਦੂਵਾਲ ਸਾਹਿਬ ਹਰਿਆਣੇ ਸਟੇਟ ਸਿੱਖ ਲੀਡਰਸਿੱਪ ਪੈਦਾ ਕਰਨ ਲਈ ਚੰਗਾ ਰੋਲ ਨਿਭਾਇਆ ਹੈ । ਕਰਨੈਲ ਸਿੰਘ ਪੰਜੋਲੀ ।





## ਸ੍ਰੀ ਦਰਬਾਰ ਸਾਹਿਬ ਦੇ ਸਾਬਕਾ ਹੈਡ ਗ੍ਰੰਥੀ ਤੇ ਜੂਨ 1984 ਦੇ ਚਸ਼ਮਦੀਦ ਗਵਾਹ ਗਿਆਨੀ ਮੋਹਣ ਸਿੰਘ ਚਲ ਵੱਸੇ, ਸਿੰਘ ਸਾਹਿਬ ਗਿਆਨੀ ਮੋਹਣ ਸਿੰਘ ਦਾ ਵਿਛੋੜਾ ਅਕਿਹ ਅਤੇ ਅਸਿਹ :ਸ੍ਰ ਸੁਖਰਾਜ ਸਿੰਘ

**ਚੌਕ ਮਹਿਤਾ, 12 ਮਈ (ਬਾਬਾ ਸੁਖਵੰਤ ਸਿੰਘ ਚੰਨਣਕੇ)**-ਪੰਥਕ ਹਲਕਿਆਂ ਵਿਚ ਇਹ ਖ਼ਬਰ ਬੜੇ ਹੀ ਦੁੱਖ ਨਾਲ ਪੜ੍ਹੀ ਜਾਵੇਗੀ ਕਿ ਸ੍ਰੀ ਦਰਬਾਰ ਸਾਹਿਬ ਜੀ ਦੇ ਸਾਬਕਾ ਹੈਡ ਗ੍ਰੰਥੀ ਸਿੰਘ ਸਾਹਿਬ ਗਿਆਨੀ ਮੋਹਣ ਸਿੰਘ ਪੰਜ ਭੂਤਕ ਚੋਲ਼ਾ ਤਿਆਗ ਕੇ ਇਸ ਫਾਨੀ ਸੰਸਾਰ ਤੋਂ ਕੂਚ ਕਰ ਗਏ। ਇਹਨੀਂ ਦਿਨੀਂ ਉਹ ਆਪਣੇ ਸੱਤ ਸਮੁੰਦਰੋਂ ਪਾਰ ਵਸਦੇ ਸਪੁੱਤਰ ਕੋਲ ਵੈਨਕੂਵਰ ਵਿਖੇ ਰਹਿ ਰਹੇ ਸਨ ਜਿਥੇ ਉਹਨਾ ਆਖ਼ਰੀ ਸਾਹ ਲਏ। ਗਿਆਨੀ ਮੋਹਣ ਸਿੰਘ ਦਾ ਜਨਮ ਰਾਏਕੋਟ ਨੇੜਲੇ ਪਿੰਡ ਰਾਜਗੜ੍ਹ ਵਿਖੇ ਹੋਇਆ। ਉਹ ਕਰੀਬ 1985 ਤੋ 1966 ਵਿਚ ਰਾਜੇ ਮਹਾਰਾਜਿਆਂ ਦੇ ਸ਼ਹਿਰ ਪਟਿਆਲਾ ਸਥਿਤ ਸੁਸ਼ੋਭਿਤ ਗੁਰਦੁਆਰਾ ਸ੍ਰੀ ਦੁੱਖ ਨਿਵਾਰਣ ਸਾਹਿਬ ਵਿਖੇ ਬਤੌਰ ਗ੍ਰੰਥੀ ਭਰਤੀ ਹੋਏ ਸਨ ਜਿਥੇ ਲੰਬਾ ਸਮਾਂ ਸੇਵਾ ਨਿਭਾਈ ਉਪਰੰਤ ਸਚਖੰਡ ਸ੍ਰੀ ਹਰਿਮੰਦਰ ਸਾਹਿਬ ਦੇ ਗ੍ਰੰਥੀ ਦੀ ਸੇਵਾ ਨਿਭਾਉਣ ਦਾ ਸੁਭਾਗ ਪ੍ਰਾਪਤ ਹੋਇਆ। ਉਹ ਲੋਹ ਪੁਰਸ਼ ਵਜੋਂ ਜਾਣੇ ਜਾਂਦੇ ਸਚਖੰਡ ਵਾਸੀ ਸ੍ ਜਗਦੇਵ ਸਿੰਘ ਤਲਵੰਡੀ ਦੇ ਅਤਿਅੰਤ ਨਿਕਟਵਰਤੀਆਂ ਵਿਚੋਂ ਇਕ ਸਨ। ਸਿੰਘ ਸਾਹਿਬ ਗਿਆਨੀ ਮੋਹਣ ਸਿੰਘ ਜੀ ਨੇ ਧਾਰਮਿਕ ਜਥੇਬੰਦੀ ਦਮਦਮੀ ਟਕਸਾਲ ਦੇ ਵੱਡੇ ਮਹਾਂਪੁਰਖ ਗੁਰਪੁਰ ਵਾਸੀ ਗਿਆਨੀ ਗੁਰਬਚਨ ਸਿੰਘ ਜੀ ਖਾਲਸਾ ਭਿੰਡਰਾਂਵਾਲਿਆਂ ਪਾਸੋ ਵਿਦਿਆ ਪ੍ਰਾਪਤ ਕੀਤੀ। ਪਿਛਲੇ ਸਮੇਂ ਉਹਨਾਂ ਆਪਣੀ ਜਾਇਦਾਦ ਸ੍ਰੀ ਦਰਬਾਰ ਸਾਹਿਬ ਦੇ ਨਾਮ ਲਗਾਕੇ ਗੁਰੂ ਪ੍ਰਤੀ ਸਮਰਪਣ ਭਾਵਨਾ ਦਿਖਾਈ ਜੋ ਸਿੱਖ ਕੌਮ ਲਈ ਪ੍ਰੇਰਣਾਦਾਇਕ ਰਹੇਗੀ। ਸੇਵਾ ਅਤੇ ਤਿਆਗ ਭਾਵਨਾ, ਗੁਰੂ ਘਰ ਦੀ ਸੇਵਾ ਕਰਨ ਦਾ ਜੋ ਸੁਭਾਗ ਪ੍ਰਾਪਤ ਹੋਇਆ ਉਹ ਕਿਸੇ ਵਿਰਲੇ ਮਨੁੱਖ ਦੇ ਹਿਸੇ ਆਉਂਦਾ ਹੈ। ਇਹਨਾਂ ਸ਼ਬਦਾਂ ਦਾ ਪ੍ਰਗਟਾਵਾ ਸ੍ ਗੁਰੂ ਰਾਮਦਾਸ ਲੰਗਰ ਹਾਲ ਦੇ ਬਤੌਰ ਮੈਨੇਜਰ,ਰਹਿ ਚੁੱਕੇ ਸ੍ ਸੁਖਰਾਜ ਸਿੰਘ ਨੇ ਕਹੇ। ਜ਼ਿਕਰਯੋਗ ਹੈ ਕਿ 1990 ਵਿਚ ਬਤੌਰ ਕਲਰਕ ਭਰਤੀ ਹੋਏ ਸੁਖਰਾਜ ਸਿੰਘ ਨੇ ਦੱਸਿਆ ਕਿ ਸਿੱਖ ਪੰਥ ਦੀ ਸਿਰਮੌਰ ਸੰਸਥਾ ਅਤੇ ਮਿੰਨੀ ਪਾਰਲੀਮੈਂਟ ਵਜੋਂ ਜਾਣੀਂ ਜਾਂਦੀ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਅਧੀਨ ਆਉਂਦੇ ਵੱਖ ਵੱਖ ਗੁਰਦੁਆਰਾ ਸਾਹਿਬ ਜਿਨ੍ਹਾਂ ਵਿਚ ਸ੍ਰੀ ਆਨੰਦਪੁਰ ਸਾਹਿਬ ਬਤੌਰ ਐਡੀਸ਼ਨਲ ਮੈਨੇਜਰ, ਬਾਬਾ ਬੁੱਢਾ ਸਾਹਿਬ ਜੀ ਦੇ ਜਨਮ ਅਸਥਾਨ ਕੱਥੂਨੰਗਲ, ਬਾਬਾ ਬੁੱਢਾ ਸਾਹਿਬ ਜੀ ਸਮਾਧ ਰਾਮਦਾਸ, ਸ਼੍ਰੋਮਣੀ ਕਮੇਟੀ ਦੇ ਵੱਖ ਵੱਖ ਵਿਭਾਗਾਂ ਵਿਚ ਬਤੌਰ ਐਡੀਸ਼ਨਲ ਮੈਨੇਜਰ,ਮੀਤ ਮੈਨੇਜਰ, ਲੰਗਰ ਸ੍ਰੀ ਗੁਰੂ ਰਾਮਦਾਸ ਜੀ ਦੇ ਮੈਨੇਜਰ ਵਜੋ ਦੀਆਂ ਲਗਾਤਾਰ ਲਗਪਗ 33--- 34 ਸਾਲ ਸੇਵਾਵਾਂ ਨਿਭਾਉਣ ਉਪਰੰਤ 2023 ਵਿਚ ਸਵੈ ਇੱਛਾ ਅਨੁਸਾਰ ਅਸਤੀਫਾ ਦੇ ਦਿੱਤਾ। ਉਹਨਾਂ ਸਿੰਘ ਸਾਹਿਬ ਗਿਆਨੀ ਮੋਹਣ ਸਿੰਘ ਜੀ ਦੇ ਪਰਿਵਾਰ ਨਾਲ ਦੁੱਖ ਦਾ ਪ੍ਰਗਟਾਵਾ ਕਰਦਿਆਂ ਕਿਹਾ ਕਿ ਸਿੱਖੀ ਨੂੰ ਹਰਿਆ ਭਰਿਆ ਅਤੇ ਪ੍ਰਫੁੱਲਿਤ ਕਰਨ ਲਈ ਪਾਏ ਯੋਗਦਾਨ ਨੂੰ ਸੁਨਿਹਰੀ ਅੱਖਰਾਂ ਵਿਚ ਲਿਖਿਆ ਜਾਵੇਗਾ ਐਸੇ ਦਰਵੇਸ਼,ਵਿਦਿਆ ਮਾਰਤੰਡ ਇਨਸਾਨ ਹਜ਼ਾਰਾਂ ਸਾਲ ਬਾਅਦ ਕਿਤੇ ਵਿਰਲੇ ਟਾਂਵੇਂ ਹੀ ਪੈਦਾ ਹੁੰਦੇ ਹਨ ਓਹਨਾ ਵਿਛੜ ਚੁੱਕੀ ਆਤਮਾ ਨੂੰ ਆਪਣੇ ਚਰਨਾਂ ਵਿੱਚ ਨਿਵਾਸ ਅਤੇ ਪਿੱਛੇ ਪਰਿਵਾਰ ਨੂੰ ਭਾਣਾ ਮੰਨਣ ਦਾ ਬਲ ਬਖਸ਼ਣ ਦੀ ਅਰਦਾਸ ਕੀਤੀ।



### ਘੱਟ ਗਿਣਤੀ ਸਮੁਦਾਇ ਦਾ ਵਫਦ ਮਿਲੇਗਾ ਜਥੇਦਾਰ ਸ੍ਰੀ ਅਕਾਲ ਤਖਤ ਸਾਹਿਬ ਨੂੰ : ਗਿੱਲ

# 6 ਮੈਂਬਰੀ ਤਾਲਮੇਲ ਐਡਹਾਕ ਕਮੇਟੀ ਦਾ ਕੀਤਾ ਐਲਾਨ

**ਚੌਕ ਮਹਿਤਾ, ਮਈ,( ਬਾਬਾ ਸੁਖਵੰਤ ਸਿੰਘ ਚੰਨਣਕੇ)**-ਅੱਜ ਇੱਥੇ ਘੱਟ ਗਿਣਤੀ ਲੋਕ ਪਲਸ ਸੰਸਥਾ ਰਜਿਸਟਰਡ ਦੀ ਰਾਜ ਪੱਧਰੀ ਮੁੱਦਿਆਂ ਤੇ ਵਿਚਾਰ ਚਰਚਾ ਕਰਨ ਲਈ ਹੋਏ ਨੁਮਾਇਦਾਂ ਇਕੱਤਰਤਾ 'ਚ ਅਹਿਮ ਫੈਸਲੇ ਲਏ ਗਏ। ਇਥੇ ਆਯੋਜਿਤ ਕੀਤੇ ਗਏ ਪੱਤਰਕਾਰ ਸੰਮੇਲਨ 'ਚ ਘੱਟ ਗਿਣਤੀ ਲੋਕ ਭਲਾਈ ਸੰਸਥਾ ਦੇ ਸੁਪਰੀਮੋ ਸਰਦਾਰ ਸਤਨਾਮ ਸਿੰਘ ਗਿੱਲ ਨੇ ਪੰਜਾਬ 'ਚ ਸਮੂਹ ਧਾਰਮਿਕ ਅਤੇ ਸਮਾਜ ਸੇਵੀ ਸੰਸਥਾਵਾਂ ਦੇ ਸਿਰ ਕੱਢ ਨੁਮਾਇੰਦਿਆਂ ਨੂੰ ਇੱਕ ਮੰਚ ਤੇ ਲਿਆਉਣ ਲਈ ਲਏ ਗਏ ਨਿਰਣੇ ਬਾਰੇ ਜਾਣਕਾਰੀ ਦਿੰਦਿਆਂ ਦੱਸਿਆ ਹੈ ਕਿ ਸਮਾਜਕ ਹਲਕਿਆਂ 'ਚ ਨਤੀਜਾ ਦਿਓ ਭੂਮਿਕਾ ਨਿਭਾਉਣ ਲਈ ਪੰਜਾਬ ਪੱਧਰ ਤੇ ਸਮਾਜ ਜੋੜੋ ਤਾਲਮੇਲ ਕਮੇਟੀ ਐਂਡਹਾਕ ਤੌਰ ਤੇ ਬਣਾਈ ਹੈ। ਜਿਸ 'ਚ ਘੱਟ ਗਿਣਤੀ ਲੋਕ ਭਲਾਈ ਸੰਸਥਾ ਦੇ ਚੇਅਰਮੈਨ ਸ੍ਰ. ਸੰਦੀਪ ਸਿੰਘ ਰਾਜੂ, ਲੋਕ ਸੰਪਰਕ ਅਫਸਰ ਸ੍ਰ. ਅੰਮ੍ਰਿਤਪਾਲ ਸਿੰਘ ਸ਼ਾਹਪੁਰ ,ਵੋਇਸ ਚੇਅਰਮੈਨ ਫੁਲਜੀਤ ਸਿੰਘ ਵਰਪਾਲ ,ਗੁਰਪ੍ਰੀਤ ਸਿੰਘ ਖਾਲਸਾ ਅਤੇ ਡਾਕਟਰ ਸੁਖਚੈਨ ਸਿੰਘ ਘੁੰਮਣ ਨੂੰ ਸ਼ਾਮਿਲ ਕੀਤਾ ਗਿਆ ਹੈ। ਪੁੱਛਣ ਤੇ ਐਸ ਐਸ ਗਿੱਲ ਨੇ ਦੱਸਿਆ ਕਿ ਇਹ ਤਾਲਮੇਲ ਕਮੇਟੀ ਪੰਜਾਬ ਅੰਦਰ ਮਜਬੂਤ ਸਮਾਜਿਕ ਸੰਗਠਨ ਤਿਆਰ ਕਰਨ ਲਈ ਸਮੂਹ ਨੁਮਾਇੰਦਿਆਂ ਨੂੰ ਇੱਕ ਮੰਚ ਤੇ ਲਿਆਉਣ ਲਈ ਰਸੂਖ ਵੀ ਵਰਤੇਗੀ ਅਤੇ ਹਰ ਸੰਭਵ ਯਤਨ ਕਰੇਗੀ। ਜਿਸ ਦੇ ਨਾਲ ਸਮਾਜ ਮਜਬੂਤੀ ਵੱਲ ਵੱਧ ਸਕੇ ਘੱਟ ਗਿਣਤੀ ਲੋਕ ਭਲਾਈ ਸੰਸਥਾ ਦੇ ਸੁਪਰੀਮੋ ਸ੍ਰ. ਸਤਨਾਮ ਸਿੰਘ ਗਿੱਲ ਨੇ ਦੱਸਿਆ ਕਿ ਸਾਡਾ ਇੱਕ ਛੇ ਮੈਂਬਰੀ ਵਫਦ ਸ੍ਰੀ ਅਕਾਲ ਤਖਤ ਸਾਹਿਬ ਦੇ ਕਾਰਜਕਾਰੀ ਜਥੇਦਾਰ ਸਾਹਿਬ ਨੂੰ ਮਿਲਦੇ ਇੱਕ ਅਪੀਲ ਪੱਤਰ ਦੇਵਾਂਗੇ ਇਸ ਤੋਂ ਇਲਾਵਾ ਅਸੀਂ ਸ਼ਾਹੀ ਇਮਾਮ ਨੂੰ ਵੀ ਮਿਲਣ ਤਮ ਦਾ ਪਰੋਗਰਾਮ ਏਜੰਡੇ ਤੇ ਹੈ। ਉਨਾ ਨੇ ਕਿਹਾ ਕਿ ਇਸ ਤੋਂ ਇਲਾਵਾ ਇਸਾਈ ਭਾਈਚਾਰੇ ਦੇ ਚੋਟੀ ਦੇ ਨੁਮਾਇੰਦਿਆਂ ਨੂੰ ਮਿਲ ਕੇ ਸੰਕਲਪ ਨੂੰ ਪੂਰਾ ਕਰਨ ਦੀ ਕੋਸ਼ਿਸ਼ ਕਰਾਂਗੇ। ਉਨਾਂ ਨੇ ਦੱਸਿਆ ਕਿ ਅਸੀਂ ਇਸ ਗੱਲ ਨੂੰ ਤਰਜੀਹ ਦੇਵਾਂਗੇ ਕਿ ਧਾਰਮਿਕ ਮੁੱਦਿਆਂ ਅਧਾਰਿਤ ਪੈਂਡਿੰਗ ਮਸਲੇ ਮਿਲ ਬੈਠ ਕੇ ਹੱਲ ਕੀਤੇ ਜਾਣਗੇ । ਇਸ ਮੌਕੇ ਹਾਜ਼ਰ ਘੱਟ ਗਿਣਤੀ ਲੋਕ ਭਲਾਈ ਸੰਸਥਾ ਦੇ ਪ੍ਰਧਾਨ ਸ੍ਰ. ਸਤਨਾਮ ਸਿੰਘ ਗਿੱਲ ਚੇਅਰਮੈਨ ਸੰਦੀਪ ਸਿੰਘ ਰਾਜੂ ਵਾਈਸ ਚੇਅਰਮੈਨ ਫੁਲਜੀਤ ਸਿੰਘ ਵਰਪਾਲ, ਲੋਕ ਸੰਪਰਕ ਅਫਸਰ ਅੰਮ੍ਰਿਤਪਾਲ ਸਿੰਘ ਸ਼ਾਹਪੁਰ, ਪੀਏ ਗੁਰਪ੍ਰੀਤ ਸਿੰਘ ਖਾਲਸਾ,ਮਨਪ੍ਰੀਤ ਸਿੰਘ ਖਾਲਸਾ,ਰਣਜੀਤ ਸਿੰਘ ਅਤੇ ਹੋਰ ਕਈ ਵਲੰਟੀਅਰ ਹਾਜਰ ਸਨ।




ਮਾਂ ਦਿਵਸ ਦੀਆਂ
ਲੱਖ-ਲੱਖ
ਵਧਾਈਆ ਹੋਣ ਜੀ
ਆਵਾਜ਼ਿ ਕੌਮ
AWAZE QAUM
International Newspaper & WEB TV
ਵੱਲੋਂ-ਬਾਬਾ ਸੁਖਵੰਤ ਸਿੰਘ ਚੰਨਣਕੇ ਚੌਕ ਮਹਿਤਾ

ਅਕਾਲੀ ਦਲ ਬਾਦਲ ਨੂੰ ਵੱਡਾ ਝਟਕਾ

# ਦਿੱਲੀ ਕਮੇਟੀ ਮੈਂਬਰ ਕੁਲਤਾਰਨ ਸਿੰਘ ਕੋਛੜ ਅਕਾਲੀ ਦਲ ਦਿੱਲੀ ਸਟੇਟ ਵਿਚ ਹੋਏ ਸ਼ਾਮਲ



**ਨਵੀਂ ਦਿੱਲੀ, 12 ਮਈ (ਮਨਪ੍ਰੀਤ ਸਿੰਘ ਖਾਲਸਾ)-** ਕੌਮੀ ਰਾਜਧਾਨੀ ਦਿੱਲੀ ਵਿਚ ਸ਼੍ਰੋਮਣੀ ਅਕਾਲੀ ਦਲ ਬਾਦਲ ਨੂੰ ਉਸ ਵੇਲੇ ਵੱਡਾ ਝਟਕਾ ਲੱਗਾ ਜਦੋਂ ਵਾਰਡ ਨੰਬਰ 32 ਜਨਕਪੁਰੀ ਤੋਂ ਦਿੱਲੀ ਸਿੱਖ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਮੈਂਬਰ ਸਰਦਾਰ ਕੁਲਤਾਰਨ ਸਿੰਘ ਕੋਛੜ ਪਾਰਟੀ ਛੱਡ ਕੇ ਕਮੇਟੀ ਪ੍ਰਧਾਨ ਸਰਦਾਰ ਹਰਮੀਤ ਸਿੰਘ ਕਾਲਕਾ ਤੇ ਜਨਰਲ ਸਕੱਤਰ ਸਰਦਾਰ ਜਗਦੀਪ ਸਿੰਘ ਕਾਹਲੋਂ ਦੀ ਹਾਜ਼ਰੀ ਵਿਚ ਸ਼੍ਰੋਮਣੀ ਅਕਾਲੀ ਦਲ ਦਿੱਲੀ ਸਟੇਟ ਵਿਚ ਸ਼ਾਮਲ ਹੋ ਗਏ। ਸਰਦਾਰ ਕੋਛੜ ਨੂੰ ਪਾਰਟੀ ਵਿਚ ਸ਼ਾਮਲ ਹੋਣ 'ਤੇ ਜੀ ਆਇਆਂ ਕਹਿੰਦਿਆਂ ਸਰਦਾਰ ਕਾਲਕਾ ਤੇ ਸਰਦਾਰ ਕਾਹਲੋਂ ਨੇ ਐਲਾਨ ਕੀਤਾ ਕਿ ਸਰਦਾਰ ਕੁਲਤਾਰਨ ਸਿੰਘ ਕੋਛੜ ਸ਼੍ਰੋਮਣੀ ਅਕਾਲੀ ਦਲ ਦਿੱਲੀ ਸਟੇਟ ਦੇ ਸੀਨੀਅਰ ਮੀਤ ਪ੍ਰਧਾਨ ਹੋਣਗੇ। ਉਹਨਾਂ ਨੇ ਇਹ ਵੀ ਭਰੋਸਾ ਦੁਆਇਆ ਕਿ ਆਉਂਦੇ ਦਿਨਾਂ ਵਿਚ ਉਹਨਾਂ ਨੂੰ ਹੋਰ ਵੀ ਵੱਡੀਆਂ ਜ਼ਿੰਮੇਵਾਰੀਆਂ ਦਿੱਤੀਆਂ ਜਾਣਗੀਆਂ। ਇਸ ਮੌਕੇ ਹਾਜ਼ਰ ਸੰਗਤ ਨੂੰ ਸੰਬੋਧਨ ਕਰਦਿਆਂ ਸਰਦਾਰ ਕਾਲਕਾ ਤੇ ਸਰਦਾਰ ਕਾਹਲੋਂ ਨੇ ਕਿਹਾ ਕਿ ਸ਼੍ਰੋਮਣੀ ਅਕਾਲੀ ਦਲ ਬਾਦਲ ਦਾ ਇਸ ਵੇਲੇ ਦਿੱਲੀ ਵਿਚ ਮੁਕੰਮਲ ਸਫਾਇਆ ਹੋ ਗਿਆ ਹੈ। ਉਹਨਾਂ ਕਿਹਾ ਕਿ ਜਿਹੜੇ ਸਰਦਾਰ ਮਨਜੀਤ ਸਿੰਘ ਜੀ.ਕੇ. ਨੇ ਕਦੇ ਸਰਦਾਰ ਪਰਮਜੀਤ ਸਿੰਘ ਸਰਨਾ 'ਤੇ ਸੰਗਤ ਦੇ ਪੈਸੇ ਦਾ ਗਬਨ ਕਰਨ ਦੇ ਦੋਸ਼ ਲਗਾਏ ਸਨ, ਅੱਜ ਉਹ ਦੋਵੇਂ ਬਾਦਲ ਦਲ ਵਿਚ ਇਕੱਠੇ ਹਨ। ਉਹਨਾਂ ਕਿਹਾ ਕਿ ਜਿਹੜੇ ਸਰਦਾਰ ਸਰਨਾ ਇਕ ਦਹਾਕੇ ਤੋਂ ਵੱਧ ਸਮਾਂ ਬਾਦਲ ਪਰਿਵਾਰ ਨੂੰ ਕੋਸਦੇ ਰਹੇ, ਉਹਨਾਂ ਨੂੰ ਬੇਅਬਦੀਆਂ ਦਾ ਦੋਸ਼ੀ, ਡੇਰਾ ਸਿਰਸਾ ਮੁਖੀ ਨੂੰ ਮੁਆਫੀ ਦੇਣ ਦਾ ਦੋਸ਼ੀ, 328 ਸਰੂਪ ਗਾਇਬ ਕਰਨ ਦਾ ਦੋਸ਼ੀ ਐਲਾਨਦੇ ਰਹੇ, ਅੱਜ ਉਹ ਬਾਦਲ ਪਰਿਵਾਰ ਦੀ ਝੋਲੀ ਵਿਚ ਬੈਠ ਕੇ ਉਹਨਾਂ ਦਾ ਗੁਣਗਾਣ ਕਰ ਰਹੇ ਹਨ। ਉਹਨਾਂ ਕਿਹਾ ਕਿ ਬਾਦਲ ਦਲ ਦਿੱਲੀ ਦੀ ਸੰਗਤ ਦੇ ਨਾਲ-ਨਾਲ ਸਮੁੱਚੀ ਕੌਮ ਸਾਹਮਣੇ ਬੇਨਕਾਬ ਹੋ ਚੁੱਕਾ ਹੈ ਤੇ ਇਸ ਲਈ ਸੰਗਤ ਨੇ ਇਹਨਾਂ ਨੂੰ ਪੂਰੀ ਤਰ੍ਹਾਂ ਨਕਾਰ ਦਿੱਤਾ ਹੈ। ਉਹਨਾਂ ਕਿਹਾ ਕਿ ਪਿਛਲੇ ਚਾਰ ਸਾਲਾਂ ਵਿਚ ਕਮੇਟੀ ਦੀ ਮੌਜੂਦਾ ਟੀਮ ਨੇ ਕਿਵੇਂ ਸੰਗਤ ਦੀ ਸੇਵਾ ਕੀਤੀ ਖਾਸ ਤੌਰ 'ਤੇ ਕੋਰੋਨਾ ਦੇ ਸਮੇਂ ਵਿਚ ਸੰਗਤ ਦੀ ਸੇਵਾ ਕੀਤੀ, ਉਸ ਤੋਂ ਪ੍ਰਭਾਵਤ ਹੋ ਕੇ ਵੱਧ ਤੋਂ ਵੱਧ ਗਿਣਤੀ ਵਿਚ ਸੰਗਤਾਂ ਅੱਜ ਪਾਰਟੀ ਨਾਲ ਜੁੜ ਰਹੀਆਂ ਹਨ ਤੇ ਪਾਰਟੀ ਮਜ਼ਬੂਤ ਹੋ ਰਹੀ ਹੈ। ਉਹਨਾਂ ਕਿਹਾ ਕਿ ਜਿਥੇ ਅਸੀਂ ਗੁਰਦੁਆਰਾ ਸਾਹਿਬਾਨ ਦੇ ਪ੍ਰਬੰਧ ਸੁਚੱਜੇ ਢੰਗ ਨਾਲ ਚਲਾਏ, ਉਥੇ ਹੀ ਸਿਹਤ ਸੇਵਾਵਾਂ ਨਾਲ ਸੰਗਤਾਂ ਦੀ ਸੇਵਾ ਕੀਤੀ ਅਤੇ ਸੰਗਤਾਂ ਨੂੰ ਗੁਰਬਾਣੀ ਸਿਮਰਨ ਤੇ ਗੁਰਸਿੱਖੀ ਜੀਵਨ ਜਾਚ ਨਾਲ ਜੋੜਨ ਵਾਸਤੇ ਵੱਡੇ ਉਪਰਾਲੇ ਕੀਤੇ ਹਨ ਜਿਹਨਾਂ ਦਾ ਸੰਗਤ ਨੇ ਭਰਵਾਂ ਹੁੰਗਾਰਾ ਦਿੱਤਾ ਹੈ। ਉਹਨਾਂ ਕਿਹਾ ਕਿ ਅਸੀਂ ਗੁਰੂ ਸਾਹਿਬਾਨ ਤੇ ਭਗਤਾਂ ਨਾਲ ਜੁੜੇ ਦਿਹਾੜੇ ਵੱਡੀ ਪੱਧਰ 'ਤੇ ਮਨਾਏ ਹਨ ਤੇ ਮਨਾ ਵੀ ਰਹੇ ਹਨ ਜਿਸਦੀ ਸੰਗਤ ਹਰ ਪਾਸੇ ਵਡਿਆਈ ਕਰ ਰਹੀ ਹੈ। ਉਹਨਾਂ ਕਿਹਾ ਕਿ ਅਸੀਂ ਆਪਣੇ ਯਤਨ ਪੁਰਜ਼ੋਰ ਤਰੀਕੇ ਨਾਲ ਜਾਰੀ ਰੱਖਾਂਗੇ ਤੇ ਸੰਗਤਾਂ ਦੇ ਸਹਿਯੋਗ ਨਾਲ ਇਹਨਾਂ ਵਿਚ ਸਫਲ ਵੀ ਹੋਵਾਂਗੇ।

ਆਵਾਜ਼ਿ ਕੌਮ AWAZE QAUM International Newspaper & WEB TV

**ਕੁਲਤਾਰਨ ਸਿੰਘ ਕੋਛੜ ਪਾਰਟੀ ਦੇ ਸੀਨੀਅਰ ਮੀਤ ਪ੍ਰਧਾਨ ਨਿਯੁਕਤ**

ਜੀਐਚਪੀਐਸ ਮਾਮਲੇ 'ਚ ਦਿੱਲੀ ਕਮੇਟੀ ਪ੍ਰਬੰਧਕਾਂ ਨੂੰ ਅਦਾਲਤ ਵਲੋਂ ਵਾਰ-ਵਾਰ ਫਟਕਾਰ ਲਗਾਉਣ ਤੋਂ ਬਾਅਦ

# ਅਦਾਲਤੀ ਹੁਕਮਾਂ ਦੀ ਉਲੰਘਣਾ ਦਾ ਦੋਸ਼ੀ ਠਹਿਰਾਇਆ ਗਿਆ : ਜੀਕੇ

**ਨਵੀਂ ਦਿੱਲੀ 12 ਮਈ (ਮਨਪ੍ਰੀਤ ਸਿੰਘ ਖਾਲਸਾ):-** ਦਿੱਲੀ ਸਿੱਖ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਸਾਬਕਾ ਪ੍ਰਧਾਨ ਮਨਜੀਤ ਸਿੰਘ ਜੀਕੇ ਨੇ ਦਿੱਲੀ ਹਾਈਕੋਰਟ ਦੇ 2 ਮਈ ਨੂੰ ਗੁਰੂ ਹਰਿਕ੍ਰਿਸ਼ਨ ਪਬਲਿਕ ਸਕੂਲਾਂ ਦੇ ਵਿੱਤੀ ਸੰਕਟ 'ਤੇ ਆਏ ਹਾਲੀਆ ਹੁਕਮਾਂ ਸਬੰਧੀ ਅੱਜ ਮੀਡੀਆ ਨੂੰ ਸੰਬੋਧਨ ਕੀਤਾ। ਜੀਕੇ ਨੇ ਇਸ ਵਿੱਤੀ ਸੰਕਟ ਲਈ ਮੌਜੂਦਾ ਦਿੱਲੀ ਕਮੇਟੀ ਪ੍ਰਬੰਧਕਾਂ ਨੂੰ ਜ਼ਿੰਮੇਵਾਰ ਠਹਿਰਾਇਆ ਅਤੇ ਕਿਹਾ ਕਿ ਉਨ੍ਹਾਂ ਦਾ ਰਵੱਈਆ ਸਾਰੀ ਅਦਾਲਤੀ ਕਾਰਵਾਈ ਦੌਰਾਨ ਲਾਪਰਵਾਹੀ ਵਾਲਾ ਰਿਹਾ ਹੈ। ਕਾਨੂੰਨੀ ਪੈਰਵਾਈ ਦੀ ਢਿੱਲ ਗੁਰੂ ਹਰਿਕ੍ਰਿਸ਼ਨ ਪਬਲਿਕ ਸਕੂਲਾਂ ਦੇ ਵਿੱਤੀ ਸੰਕਟ ਦਾ ਕਾਰਨ ਬਣ ਗਈ ਹੈ। ਪਰ ਫਿਰ ਵੀ, ਜਦੋਂ ਭਾਰਤ ਅਤੇ ਪਾਕਿਸਤਾਨ ਵਿਚਕਾਰ ਜੰਗ ਦੀ ਸਥਿਤੀ ਬਣੀ ਹੋਈ ਸੀ, ਤਾਂ ਉਨ੍ਹਾਂ ਨੇ 2 ਮਈ ਨੂੰ ਅਦਾਲਤੀ ਸੁਣਵਾਈ ਸਬੰਧੀ ਮੇਰੇ ਅਤੇ ਮੇਰੇ ਵਕੀਲ ਨਗਿੰਦਰ ਬੈਨੀਪਾਲ 'ਤੇ ਗੈਰ-ਪ੍ਰਮਾਣਿਤ ਦੋਸ਼ ਲਗਾਏ। ਜਿਸ ਕਾਰਨ ਮੈਨੂੰ ਅੱਜ ਬੋਲਣਾ ਪੈ ਰਿਹਾ ਹੈ। ਜੀਕੇ ਨੇ ਸਕੂਲ ਸਟਾਫ਼ ਦੀ ਲਗਭਗ 400 ਕਰੋੜ ਰੁਪਏ ਦੀ ਦੇਣਦਾਰੀ ਸਬੰਧੀ ਹੁਣ ਤੱਕ ਦੀਆਂ ਸਾਰੀ ਅਦਾਲਤੀ ਕਾਰਵਾਈਆਂ ਦਾ ਸਾਰ ਪੇਸ਼ ਕੀਤਾ ਅਤੇ ਦਾਅਵਾ ਕੀਤਾ ਕਿ ਮੇਰੇ ਵਕੀਲ ਨੇ ਇਸ ਮਾਮਲੇ ਵਿੱਚ ਦਿੱਲੀ ਹਾਈਕੋਰਟ ਵਿੱਚ ਮੇਰਾ ਹਲਫ਼ਨਾਮਾ ਦਾਇਰ ਕੀਤਾ ਸੀ। ਜਿਸ ਵਿੱਚ ਮੈਂ ਗੁਰਦੁਆਰੇ ਜਾਂ ਸਕੂਲ ਦੀ ਕਿਸੇ ਵੀ ਜਾਇਦਾਦ ਦੀ ਵਿਕਰੀ ਦਾ ਵਿਰੋਧ ਕੀਤਾ ਸੀ। ਪਰ ਦਿੱਲੀ ਕਮੇਟੀ ਦੇ ਪ੍ਰਧਾਨ ਹਰਮੀਤ ਸਿੰਘ ਕਾਲਕਾ ਨੇ ਪ੍ਰੈਸ ਕਾਨਫਰੰਸ ਕਰਕੇ ਮੇਰੇ ਅਤੇ ਮੇਰੇ ਵਕੀਲ ਵਿਰੁੱਧ ਮਨਘੜਤ ਦੋਸ਼ ਲਗਾਏ ਹਨ। ਜੀਕੇ ਨੇ ਕਿਹਾ ਕਿ ਦਿੱਲੀ ਕਮੇਟੀ ਵੱਲੋਂ 30 ਜੂਨ, 2023 ਤੱਕ ਦਾਇਰ ਕੀਤੀ ਗਈ ਕਰਜ਼ਾ ਰਿਪੋਰਟ ਦੇ ਅਨੁਸਾਰ, 30 ਜੂਨ, 2023 ਤੱਕ ਗੁਰੂ ਹਰਿਕ੍ਰਿਸ਼ਨ ਪਬਲਿਕ ਸਕੂਲਾਂ ਦੇ 726 ਸੇਵਾਮੁਕਤ ਕਰਮਚਾਰੀਆਂ ਨੂੰ 77.23 ਕਰੋੜ ਰੁਪਏ ਅਤੇ 1152 ਸੇਵਾਮੁਕਤ ਕਰਮਚਾਰੀਆਂ ਨੂੰ 234.16 ਕਰੋੜ ਰੁਪਏ ਦੇਣਯੋਗ ਸਨ। ਇਸ ਤੋਂ ਇਲਾਵਾ, ਦਿੱਲੀ ਕਮੇਟੀ ਦੇ ਕਰਮਚਾਰੀਆਂ ਦੇ ਪ੍ਰਾਵੀਡੈਂਟ ਫੰਡ ਅਤੇ ਈ.ਐਸ.ਆਈ. ਫੰਡ ਵਿੱਚ ਵੀ ਇੱਕ ਵੱਡੀ ਦੇਣਦਾਰੀ ਬਕਾਇਆ ਹੈ। ਪਰ ਅਪਣੇ ਕੰਮਾਂ ਦੀ ਜਵਾਬਦੇਹੀ ਦੇਣ ਦੀ ਬਜਾਏ, ਉਹ ਸਾਨੂੰ ਸਵਾਲ ਕਰ ਰਹੇ ਹਨ। ਜੀਕੇ ਨੇ ਕਿਹਾ ਕਿ ਹਾਈਕੋਰਟ ਨੇ ਉਨ੍ਹਾਂ (ਪ੍ਰਧਾਨ ਅਤੇ ਜਨਰਲ ਸਕੱਤਰ) ਨੂੰ ਵਾਰ-ਵਾਰ ਫਟਕਾਰ ਲਗਾਉਣ ਤੋਂ ਬਾਅਦ ਅਦਾਲਤ ਦੇ ਹੁਕਮਾਂ ਦੀ ਉਲੰਘਣਾ ਦਾ ਦੋਸ਼ੀ ਠਹਿਰਾਇਆ ਹੈ। ਹੁਣ ਉਨ੍ਹਾਂ ਨੇ ਅਦਾਲਤ ਨੂੰ ਭਰੋਸਾ ਦਿੱਤਾ ਹੈ ਕਿ ਉਹ ਕਮੇਟੀ ਅਤੇ ਸਕੂਲਾਂ ਦੀਆਂ ਜਾਇਦਾਦਾਂ ਵਿੱਚ ਕੋਈ ਤੀਜੀ ਧਿਰ ਦਾ ਹਿੱਤ ਨਹੀਂ ਪੈਦਾ ਕਰਨਗੇ ਅਤੇ ਹਾਈਕੋਰਟ ਦੁਆਰਾ ਨਿਯੁਕਤ ਕੀਤੇ ਗਏ ਮੁੱਲਕਰਤਾ ਨਾਲ ਵੀ ਪੂਰਾ ਸਹਿਯੋਗ ਕਰਨਗੇ। ਇਹ ਕਮੇਟੀ ਅਤੇ ਸਕੂਲਾਂ ਦੇ ਮਨਮਾਨੇ ਕੰਮਕਾਜ 'ਤੇ ਇੱਕ ਤਰ੍ਹਾਂ ਦੀ ਅਦਾਲਤੀ ਪਾਬੰਦੀ ਹੈ। ਇਸ ਲਈ, ਉਨ੍ਹਾਂ ਨੂੰ ਆਪਣੇ ਅਹੁਦਿਆਂ 'ਤੇ ਬਣੇ ਰਹਿਣ ਦਾ ਕੋਈ ਨੈਤਿਕ ਅਧਿਕਾਰ ਨਹੀਂ ਹੈ। ਮੇਰਾ ਮੰਨਣਾ ਹੈ ਕਿ ਹੁਣ ਇਨ੍ਹਾਂ ਸਕੂਲਾਂ ਦੀ ਮਾਲਕੀ ਕਮੇਟੀ ਕੋਲ ਹੀ ਰੱਖਣੀ ਚਾਹੀਦੀ ਹੈ ਅਤੇ ਇਨ੍ਹਾਂ ਦਾ ਪ੍ਰਬੰਧ ਤੁਰੰਤ ਸਿਵਲ ਸੋਸਾਇਟੀ ਦੇ ਕਾਬਲ ਅਤੇ ਤਜਰਬੇਕਾਰ ਸਿੱਖਾਂ ਨੂੰ ਸੌਂਪਣਾ ਚਾਹੀਦਾ ਹੈ। ਇਸ ਮੌਕੇ ਐਡਵੋਕੇਟ ਨਗਿੰਦਰ ਬੈਨੀਪਾਲ ਨੇ ਸਕੂਲਾਂ ਦੀ ਮੌਜੂਦਾ ਸਥਿਤੀ ਦੇ ਕਾਨੂੰਨੀ ਪਹਿਲੂਆਂ ਬਾਰੇ ਵੀ ਜਾਣਕਾਰੀ ਦਿੱਤੀ। ਦਿੱਲੀ ਕਮੇਟੀ ਦੇ ਮੈਂਬਰ ਪਰਮਜੀਤ ਸਿੰਘ ਰਾਣਾ, ਸਤਨਾਮ ਸਿੰਘ ਖੀਵਾ, ਅਕਾਲੀ ਆਗੂ ਡਾ. ਪਰਮਿੰਦਰ ਪਾਲ ਸਿੰਘ, ਬਲਦੀਪ ਸਿੰਘ ਰਾਜਾ, ਜਤਿੰਦਰ ਸਿੰਘ ਬੌਬੀ ਅਤੇ ਜਗਜੀਤ ਸਿੰਘ ਇਸ ਮੌਕੇ ਮੌਜੂਦ ਸਨ।



ਆਵਾਜ਼ਿ ਕੌਮ AWAZE QAUM International Newspaper & WEB TV

**ਕਮੇਟੀ ਦੇ ਮੌਜੂਦਾ ਵਿੱਤ ਸੰਕਟ ਲਈ ਦਿੱਲੀ ਕਮੇਟੀ ਪ੍ਰਬੰਧਕਾਂ ਜ਼ਿੰਮੇਵਾਰ**

# ਬਾਬਾ ਹੰਦਾਲ ਜੀ ਦੇ ਜਨਮ ਦਿਹਾੜੇ ਮੌਕੇ ਈਟੀਓ ਤਪ ਅਸਥਾਨ ਗੁਰਦੁਆਰਾ ਵਿਖੇ ਨਤਮਸਤਕ ਹੋਣ ਤੋਂ ਬਾਅਦ ਜੰਡਿਆਲਾ ਗੁਰੂ ਚ ਆਮ ਆਦਮੀ ਕਲੀਨਿਕ ਦੀ ਅਚਨਚੇਤ ਚੈਕਿੰਗ ਕੀਤੀ



**ਜੰਡਿਆਲਾ ਗੁਰੂ, 12 ਮਈ ( ਕੁਲਵੰਤ ਸਿੰਘ ਵਿਰਦੀ)-** ਅੱਜ ਕੈਬਨਿਟ ਮੰਤਰੀ ਸ: ਹਰਭਜਨ ਸਿੰਘ ਈਟੀਓ ਨੇ ਜੰਡਿਆਲਾ ਗੁਰੂ ਵਿਖੇ ਚੱਲ ਰਹੇ ਆਮ ਆਦਮੀ ਕਲੀਨਿਕ ਦੀ ਅਚਨਚੇਤ ਚੈਕਿੰਗ ਕੀਤੀ। ਉਹਨਾਂ ਨੇ ਇਸ ਮੌਕੇ ਕਲੀਨਿਕ ਵੱਲੋਂ ਦਿੱਤੀਆਂ ਜਾ ਰਹੀਆਂ ਸੇਵਾਵਾਂ ਦੇ ਵੇਰਵੇ ਅਤੇ ਉੱਥੇ ਕੰਮ ਕਰਵਾਉਣ ਆਏ ਲੋਕਾਂ ਦੀ ਫੀਡਬੈਕ ਲਈ। ਸ: ਹਰਭਜਨ ਸਿੰਘ ਨੇ ਕਿਹਾ ਕਿ ਪੰਜਾਬ ਸਰਕਾਰ ਲੋਕਾਂ ਦੀ ਸਿਹਤ ਅਤੇ ਸਹੂਲਤਾਂ ਲਈ ਵਚਨਬੱਧ ਹੈ। ਇਸ ਲਈ ਆਮ ਆਦਮੀ ਕਲੀਨਿਕ ਵਿੱਚ ਲੋਕਾਂ ਨੂੰ ਕਿਸੇ ਵੀ ਤਰਾਂ ਦੀ ਕੋਈ ਸਮੱਸਿਆ ਪੇਸ਼ ਨਹੀਂ ਹੋਣੀ ਚਾਹੀਦੀ। ਇਸ ਮੌਕੇ ਕੈਬਿਨਟ ਮੰਤਰੀ ਸ: ਈ.ਟੀ.ਓ ਵਲੋ ਕਲੀਨਿਕ ਵਿਖੇ ਚੈਕ ਅਪ ਕਰਵਾਉਣ ਆਏ ਲੋਕਾਂ ਦਾ ਹਾਲ ਚਾਲ ਪੁਛਿਆ ਅਤੇ ਲੋਕਾਂ ਦੀਆਂ ਸਮੱਸਿਆਵਾਂ ਨੂੰ ਸੁਣਦੇ ਹੋਏ ਤੁਰੰਤ ਹੀ ਹਦਾਇਤ ਕੀਤੀ ਕਿ ਇੰਨ੍ਹਾਂ ਨੂੰ ਪੇਸ਼ ਆ ਰਹੀਆਂ ਮੁਸ਼ਕਲਾਂ ਦਾ ਹੱਲ ਪਹਿਲ ਦੇ ਆਧਾਰ ਤੇ ਕੀਤਾ ਜਾਵੇ। ਸ: ਈ.ਟੀ.ਓ ਵਲੋ ਆਮ ਆਦਮੀ ਕਲੀਨਿਕ ਵਿਖੇ ਆਪਣਾ ਵੀ ਚੈਕਅਪ ਕਰਵਾਇਆ ਗਿਆ ਅਤੇ ਆਪਣਾ ਬਲੱਡ ਸੈਂਪਲ ਵੀ ਦਿੱਤਾ। ਕੈਬਿਨਟ ਮੰਤਰੀ ਨੇ ਕਿਹਾ ਕਿ ਆਮ ਆਦਮੀ ਕਲੀਨਿਕ ਵਿਖੇ ਸਰਕਾਰ ਵਲੋ ਮੁਫਤ ਇਲਾਜ ਤੇ ਦਵਾਈਆਂ ਦਿੱਤੀਆਂ ਜਾਂਦੀਆਂ ਹਨ ਅਤੇ ਲੋੜਵੰਦ ਲੋਕ ਵੱਡੀ ਗਿਣਤੀ ਵਿਚ ਇਸ ਦਾ ਲਾਹਾ ਲੈ ਰਹੇ ਹਨ। ਉਨ੍ਹਾ ਦੱਸਿਆ ਕਿ ਜ਼ਲਦੀ ਹੀ ਜੰਡਿਆਲਾ ਗੁਰੂ ਦੇ ਆਮ ਆਦਮੀ ਕਲੀਨਿਕ ਵਿਚ ਲੋਕਾਂ ਦੀ ਮੰਗ ਨੂੰ ਧਿਆਨ ਵਿਚ ਰੱਖਦੇ ਹੋਏ ਫਿਜਿਓਥਰੈਪੀ ਸੈਂਟਰ ਖੋਲ੍ਹਿਆ ਜਾਵੇਗਾ ਉਹਨਾਂ ਨੇ ਕਰਮਚਾਰੀਆਂ ਦੀ ਹੌਸਲਾ ਅਫਜਾਈ ਕਰਦਿਆਂ ਕਿਹਾ ਕਿ ਤੁਹਾਡੇ ਸਾਥ ਨਾਲ ਸਰਕਾਰ ਬੇਹਤਰ ਸਿਹਤ ਸਹੂਲਤਾਂ ਲੋਕਾਂ ਨੂੰ ਦੇਣ ਵਿੱਚ ਕਾਮਯਾਬ ਹੋਈ ਹੈ ਅਤੇ ਸਾਡੀ ਕੋਸ਼ਿਸ਼ ਇਸ ਵਿੱਚ ਹੋਰ ਸੁਧਾਰ ਕਰਨ ਦੀ ਹੈ।

ਇਸ ਤੋ ਪਹਿਲਾਂ ਕੈਬਿਨਟ ਮੰਤਰੀ ਸ: ਹਰਭਜਨ ਸਿੰਘ ਈ.ਟੀ.ਓ ਵਲੋ ਜੰਡਿਆਲਾ ਸ਼ਹਿਰ ਦੇ ਤਪ ਅਸਥਾਨ ਧੰਨ ਧੰਨ ਸ਼੍ਰੀ ਗੁਰੂ ਬਾਬਾ ਹੰਦਾਲ ਜੀ ਦੇ ਜਨਮ ਦਿਹਾੜੇ ਮੌਕੇ ਮੱਥਾ ਟੇਕਿਆ ਅਤੇ ਸਮੂਹ ਸੰਗਤ ਨੂੰ ਬਾਬਾ ਜੀ ਦੇ ਜਨਮ ਦਿਹਾੜੇ ਦੀ ਵਧਾਈ ਦਿੰਦੇ ਹੋਏ ਸਰਬੱਤ ਦੇ ਭਲੇ ਦੀ ਅਰਦਾਸ ਕੀਤੀ। ਇਸ ਮੌਕੇ ਸ਼੍ਰੀ ਨਰੇਸ਼ ਪਾਠਕ, ਸ: ਸਰਬਜੀਤ ਸਿੰਘ ਡਿੰਪੀ, ਸ: ਸਤਿੰਦਰ ਸਿੰਘ ਤੋ ਇਲਾਵਾ ਵੱਡੀ ਗਿਣਤੀ ਵਿਚ ਲੋਕ ਹਾ.ਜਰ ਸਨ।

ਆਵਾਜ਼ਿ ਕੌਮ AWAZE QAUM International Newspaper & WEB TV

# ਸ਼੍ਰੋਮਣੀ ਅਕਾਲੀ ਦਲ ਅੰਮ੍ਰਿਤਸਰ ਨੇ ਡੋਨਾਲਡ ਟਰੰਪ ਨੂੰ ਨੋਬਲ ਸ਼ਾਂਤੀ ਅਵਾਰਡ ਦੇਣ ਦਾ ਐਲਾਨ

## ਭਾਰਤ ਪਾਕਿਸਤਾਨ ਦੇ ਤਣਾਅ ਵਿੱਚ ਜੰਗ ਪੀੜਤ ਲੋਕਾਂ ਨੂੰ ਸਰਕਾਰ ਮੁਆਵਜ਼ਾ ਦਵੇ -ਇਮਾਨ ਸਿੰਘ ਮਾਨ



**ਅੰਮ੍ਰਿਤਸਰ ( ਰਣਜੀਤ ਸਿੰਘ ਪੇਧਨੀ )-** ਭਾਰਤ ਪਾਕਿਸਤਾਨ ਵਿੱਚ ਬਣੇ ਤਣਾਅ ਦੇ ਬਹੁਤ ਵੱਡੇ ਗੰਭੀਰ ਮਸਲੇ ਤੇ ਸ਼੍ਰੋਮਣੀ ਅਕਾਲੀ ਦਲ ਅੰਮ੍ਰਿਤਸਰ ਵੱਲੋਂ ਵਿਸ਼ੇਸ਼ ਮੁੱਦਿਆਂ ਨੂੰ ਗਿਰਹਾਈ ਨਾਲ ਵਿਚਾਰਦਿਆਂ ਪੱਤਰਕਾਰਾ ਨਾਲ ਗੱਲਬਾਤ ਕਰਦਿਆਂ ਸ਼੍ਰੋਮਣੀ ਅਕਾਲੀ ਦਲ ਅੰਮ੍ਰਿਤਸਰ ਦੇ ਕਾਰਜਕਾਰੀ ਪ੍ਰਧਾਨ ਇਮਾਨ ਸਿੰਘ ਮਾਨ ਨੇ ਦੱਸਿਆ ਕਿ ਪੰਜਾਬ ਦੀ ਧਰਤੀ ਇਤਿਹਾਸਕ ਤੌਰ 'ਤੇ ਜੰਗਾਂ ਦੀ ਧਰਤੀ ਰਹੀ ਹੈ। ਪੰਜਾਬ ਨੇ ਪਿਛਲੀਆਂ ਜੰਗਾਂ ਵਿੱਚ ਵੀ ਬਹੁਤ ਨੁਕਸਾਨ ਝੱਲਿਆ ਹੈ। ਮੌਜੂਦਾ ਜੰਗ ਵਿੱਚ ਫਿਰੋਜ਼ਪੁਰ ਵਿੱਚ ਕੁਝ ਲੋਕ ਜ਼ਖਮੀ ਹੋਏ ਹਨ। ਜਾਂ ਹੋਰ ਵੀ ਕਈ ਥਾਵਾਂ ਤੇ ਅੱਗਾਂ ਲੱਗੀਆਂ ਹਨ ਜਿਨ੍ਹਾਂ ਦਾ ਨੁਕਸਾਨ ਭਰਨ ਲਈ ਕੋਈ ਵੀ ਪਹਿਲ ਕਦਮੀ ਨਹੀਂ ਹੋਈ। ਅਸੀਂ ਜੰਗ ਦੇ ਪੀੜਤਾਂ ਨੂੰ ਮੁਆਵਜ਼ਾ ਯਕੀਨੀ ਬਣਾਉਣ ਲਈ ਸੰਸਦ ਵਿੱਚ ਪੇਸ਼ ਕਰਨ ਲਈ ਇੱਕ ਬਿੱਲ ਤਿਆਰ ਕੀਤਾ ਹੈ। ਜੋ ਕਿ ਪੰਜਾਬ ਵਿੱਚ ਜਿੱਤੇ ਮੈਂਬਰ ਪਾਰਲੀਮੈਂਟਾਂ ਰਾਹੀਂ ਸੰਸਦ ਵਿੱਚ ਭੇਜਾਂਗੇ ਜਿਸ ਵਿੱਚ ਜੰਗ ਪੀੜਤਾਂ ਲਈ ਮੁਆਵਜੇ ਚ ਘੱਟੋ-ਘੱਟ 25 ਲੱਖ ਰੁਪਏ, ਸਥਾਈ ਅਪੰਗਤਾ ਲਈ 20 ਲੱਖ ਰੁਪਏ ਦੀ ਮੰਗ ਕਰਾਂਗੇ ।ਇਸ ਤੋਂ ਇਲਾਵਾ ਉਨ੍ਹਾਂ ਕਿਹਾ ਅਮਰੀਕਾ ਤੇ ਰਾਸ਼ਟਰਪਤੀ ਨੇ ਦੋਹਾਂ ਦੇਸ਼ਾਂ ਵਿੱਚ ਤਣਾਅ ਨੂੰ ਖਤਮ ਕਰਕੇ ਪੰਜਾਬ ਅਤੇ ਸਿੱਖਾਂ ਨੂੰ ਬਚਾਇਆ ਹੈ ਜਿਸ ਨਾਲ ਹੁਣ ਸਿੱਖਾਂ ਵਿੱਚ ਸੁੱਖ ਦਾ ਸਾਹ ਆਇਆ ਹੈ। ਟਰੰਪ ਦੇ ਇਸ ਫੈਸਲੇ ਨੂੰ ਮੁੱਖ ਰੱਖਦਿਆਂ ਹੋਇਆਂ ਅਸੀਂ ਇਸ ਸਾਲ ਦਾ ਨੋਬਲ ਸ਼ਾਂਤੀ ਪੁਰਸਕਾਰ ਅਮਰੀਕੀ ਰਾਸ਼ਟਰਪਤੀ ਡੋਨਾਲਡ ਟਰੰਪ ਨੂੰ ਦੇਣ ਲਈ ਅੱਜ ਅਗਾਜ਼ ਕਰਦੇ ਹਾਂ। ਉਹਨਾਂ ਨੇ ਇੱਕ ਗੰਭੀਰ ਮਸਲੇ ਤੇ ਬੋਲਦਿਆਂ ਕਿਹਾ ਕਿ ਇਸ ਜੰਗ ਦੇ ਮਾਹੌਲ ਵਿੱਚ ਗੁਰੂ ਨਗਰੀ ਅੰਮ੍ਰਿਤਸਰ ਨੂੰ ਖਤਰਾ ਇਸ ਪੱਖੋਂ ਵੱਧ ਨਜ਼ਰ ਆਇਆ ਕਿ ਅੰਮ੍ਰਿਤਸਰ ਦੇ ਪਿੰਡ ਵੱਲਾ ਦੇ ਕੋਲ ਇੱਕ ਅਸਲਾ ਡੰਪ ਹੈ ਜੋ ਪਵਿੱਤਰ ਸ਼ਹਿਰ ਅੰਮ੍ਰਿਤਸਰ ਲਈ ਬਹੁਤ ਵੱਡਾ ਖ਼ਤਰਾ ਹੈ। ਨਗਰ ਨਿਗਮ ਦੇ ਅਧੀਨ ਆਉਣ ਵਾਲੀ ਜਗ੍ਹਾ 'ਤੇ ਅਜਿਹਾ ਅਸਲਾ ਡੰਪ ਨਹੀਂ ਹੋਣਾ ਚਾਹੀਦਾ। ਇਸਨੂੰ ਇੱਕ ਗੈਰ-ਆਬਾਦੀ ਵਾਲੀ ਜਗ੍ਹਾ 'ਤੇ ਤਬਦੀਲ ਕੀਤਾ ਜਾਣਾ ਚਾਹੀਦਾ ਹੈ। ਅਸਲਾ ਡੰਪ ਦੀ ਜਗ੍ਹਾ, ਉੱਥੇ ਫੌਜ ਦੇ ਰਿਹਾਇਸ਼ੀ ਕੁਆਰਟਰ ਬਣਾਏ ਜਾ ਸਕਦੇ ਹਨ। ਇਸ ਨੂੰ ਚਕਵਾਉਣ ਵਾਸਤੇ ਉਹਨਾਂ ਨੇ ਕਿਹਾ ਕਿ ਸ਼੍ਰੋਮਣੀ ਅਕਾਲੀ ਦਲ ਅੰਮ੍ਰਿਤਸਰ ਵੱਲੋਂ ਇਸ 14 ਮਈ ਨੂੰ ਵੱਲਾ ਪਿੰਡ ਤੋਂ ਇਸ ਅਸਲਾ ਡੰਪ ਨੂੰ ਹਟਾਉਣ ਲਈ ਧਰਨਾ ਵੀ ਦੇਵਾਂਗੇ। ਅਤੇ ਇਸ ਡੰਪ ਨੂੰ ਚੁਕਵਾਉਣ ਲਈ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਨੂੰ ਵੀ ਅਪੀਲ ਕਰਾਂਗੇ। ਇਸ ਮੌਕੇ ਪਾਰਟੀ ਦੇ ਜਨਰਲ ਸਕੱਤਰ ਉਪਕਾਰ ਸਿੰਘ ਸੰਧੂ ਅਤੇ ਮਾਝੇ ਦੇ ਜਨਰਲ ਸਕੱਤਰ ਪਰਮਜੀਤ ਸਿੰਘ ਸੁੱਖ ਵੀ ਹਾਜ਼ਰ ਸਨ ।

ਆਵਾਜ਼ਿ ਕੌਮ AWAZE QAUM International Newspaper & WEB TV





# ਡੈਂਗੂ ਦੇ ਖ਼ਾਤਮੇ ਲਈ ਜਾਗਰੂਕਤਾ ਦੀ ਲੋੜ - ਐਸ ਆਈ ਅਸ਼ੋਕ ਕੁਮਾਰ





**ਧੂਰੀ( ਰਣਜੀਤ ਸਿੰਘ ਪੇਧਨੀ )**-ਸਿਵਲ ਸਰਜਨ ਡਾਕਟਰ ਸੰਜੇ ਕਾਮਰਾ ਜੀ ਅਤੇ ਜਿਲਾਂ ਐਪੀਡੀਮੋਲੋਜਿਸਟ ਡਾਕਟਰ ਉਪਾਸਨਾ ਬਿੰਦਰਾਂ ਜੀ ਅਤੇ ਐਸ ਐਮ ਓ ਡਾਕਟਰ ਸੁਦੀਪ ਸਿੱਧੂ ਜੀ ਦੀ ਯੋਗ ਅਗਵਾਈ ਅਤੇ ਅਸ਼ੋਕ ਕੁਮਾਰ ਐਸ ਆਈ ਅਤੇ ਗੁਰਜੰਟ ਸਿੰਘ ਐਸ ਆਈ ਦੀ ਸੁਪਰਵੀਜਨ ਵਿੱਚ ਸੈਕਟਰ ਕਾਂਝਲਾ ਅਧੀਨ ਆਉਂਦੇ ਪਿੰਡਾਂ ਬਾਲੀਆਂ, ਕੁੰਭੜਵਾਲ, ਨੱਤ, ਪੁੰਨਾਵਾਲ,ਬੇਨੜਾ ਵਿਖੇ ਵੈਕਟਰ ਬੌਰਨ ਡਜ਼ੀਜ ਐਕਟੀਵਿਟੀ ਕੀਤੀ ਘਰ ਘਰ ਜਾ ਕੇ ਕੀਤੀ ਗਈ । ਜਿਸ ਦੌਰਾਨ ਡੈਂਗੂ,ਮਲੇਰੀਆ,ਚਿਕਨਗੁਨੀਆ ਅਤੇ ਮੌਸਮੀ ਬਿਮਾਰੀਆਂ ਦੇ ਚਿੰਨ੍ਹ ਅਤੇ ਲੱਛਣਾਂ ਬਾਰੇ ਜਾਣਕਾਰੀ ਦਿੱਤੀ ਗਈ । ਇਸ ਮੌਕੇ ਬੁਖਾਰ ਵਾਲੇ ਕੇਸਾ ਦੇ ਖ਼ੂਨ ਦੇ ਸੈਪਲ ਇਕੱਤਰ ਕਰਕੇ ਸੀ ਐਚ ਸੀ ਪੱਧਰ ਤੇ ਲੈਬਾਟਰੀ ਵਿੱਚ ਭੇਜੇ ਗਏ ਅਤੇ ਲੋਕਾਂ ਨੂੰ ਬਿਮਾਰੀਆਂ ਨਾਲ ਸਬੰਧਿਤ ਇਸਤਿਹਾਰ ਵੰਡੇ ਗਏ ਤੇ ਡੈਂਗੂ ਐਪ ਡਾਊਨਲੋਡ ਕਰਨ ਲਈ ਪ੍ਰੇਰਤ ਕੀਤਾ ਗਿਆ ਤੇ ਦੱਸਿਆ ਗਿਆ ਕੇ ਡੈਂਗੂ ਇੱਕ ਵਾਇਰਲ ਬੁਖਾਰ ਹੈ ਜੋ ਏਡੀਜ ਅਜਿਪਟੀ ਨਾਮ ਦੇ ਮੱਛਰ ਦੇ ਕੱਟਣ ਨਾਲ ਹੁੰਦਾ ਹੈ ਜੋ ਹਮੇਸ਼ਾ ਸਾਫ਼ ਅਤੇ ਖੜੇ ਪਾਣੀ ਵਿੱਚ ਪੈਦਾ ਹੁੰਦਾ ਹੈ ।ਇਹ ਮੱਛਰ ਕੂਲਰ ਦੇ ਪਾਣੀ, ਫਰਿੱਜਾਂ ਪਿੱਛੇ ਲੱਗੀ ਟਰੇਆਂ,ਗਮਲਿਆਂ,ਕੰਨਟੇਨਰਾ,ਖੈਲਾ ਛੱਤ ਤੇ ਪਏ ਕਬਾੜ ਟਾਇਰਾਂ ਆਦਿ ਖੜੇ ਪਾਣੀ ਵਿੱਚ ਪੈਦਾ ਹੁੰਦਾ ਹੈ ਤਾਂ ਜੋ ਸਾਨੂੰ ਇੱਕ ਹਫਤੇ ਤੋਂ ਪਹਿਲਾਂ ਪਹਿਲਾਂ ਇਹ ਬਰਤਨਾਂ ਵਿਚਲਾ ਪਾਣੀ ਬਦਲ ਦੇਣਾ ਚਾਹੀਦਾ ਹੈ ।ਬਰਤਨਾ ਨੂੰ ਪੂਰੀ ਤਰ੍ਹਾਂ ਸੁੱਕਾ ਕੇ ਫਿਰ ਪਾਣੀ ਪਾਇਆ ਜਾਵੇ ਤਾਂ ਜੋ ਡੈਂਗੂ ਫੈਲਾਉਣ ਵਾਲੇ ਮੱਛਰਾਂ ਦੀ ਚੇਨ ਨੂੰ ਤੋੜਿਆ ਜਾ ਸਕੇ ।ਇਹ ਮੱਛਰ ਸਵੇਰੇ ਸ਼ਾਮ ਕੱਟਦਾ ਹੈ ਇਸ ਲਈ ਸਵੇਰੇ ਸ਼ਾਮ ਪੂਰੇ ਕੱਪੜੇ ਪਹਿਨਣੇ ਚਾਹੀਦੇ ਹਨ ਅਤੇ ਰਾਤ ਨੂੰ ਸਾਊਣ ਸਮੇਂ ਮੱਛਰਦਾਨੀਆ ਦੀ ਵਰਤੋਂ ਕਰਨੀ ਚਾਹੀਦੀ ਹੈ ਅਤੇ ਘਰ ਦੇ ਆਲੇ ਦੁਆਲੇ ਕਿਤੇ ਵੀ ਬਰਸਾਤ ਦਾ ਪਾਣੀ ਇਕੱਠਾ ਨਾ ਹੋਣ ਦਿਓ। ਜੇ ਕਰ ਕਿਸੇ ਵਿਆਕਤੀ ਨੂੰ ਤੇਜ਼ ਸਿਰ ਦਰਦ ਅਤੇ ਤੇਜ਼ ਬੁਖਾਰ,ਅੱਖਾਂ ਦੇ ਪਿਛਲੇ ਹਿੱਸੇ ਵਿੱਚ ਦਰਦ,ਮਾਸ ਪੇਸ਼ੀਆਂ ਅਤੇ ਜੋੜਾਂ ਨ੍ਹਕ ਦਰਦ,ਜੀ ਕੱਚਾ ਹੋਣਾ ਅਤੇ ਉਲਟੀਆਂ,ਹਾਲਤ ਖ਼ਰਾਬ ਹੋਣ ਤੇ ਨੱਕ,ਮੂੰਹ ਅਤੇ ਮਸੂੜਿਆਂ ਵਿੱਚੋਂ ਖ਼ੂਨ ਵੱਗਣਾ ਆਦਿ ਤਾਂ ਸਾਨੂੰ ਡੈਂਗੂ ਹੋਣ ਦੀਆਂ ਸੰਭਾਨਾਵਾਂ ਹੋ ਸਕਦੀਆਂ ਹਨ ਅਤੇ ਮਰੀਜ਼ ਨੂੰ ਖਾਣਾ ਹੱਲਕਾ ਦਿਓ ਅਤੇ ਤਰਲ ਪਦਾਰਥ ਵੱਧ ਮਾਤਰਾ ਵਿੱਚ ਦੇਵੋ ਤੇ ਮਰੀਜ਼ ਨੂੰ ਮੁਕੰਮਲ ਆਰਾਮ ਕਰਨਾ ਚਾਹੀਦਾ ਹੈ। ਜੇਕਰ ਕਿਸੇ ਵਿਆਕਤੀ ਨੂੰ ਇਹ ਲੱਛਣ ਮਹਿਸੂਸ ਮਰੀਜ਼ ਹੋਣ ਤਾਂ ਨੇੜੇ ਦੇ ਸਿਹਤ ਕੇਂਦਰ ਨਾਲ ਸੰਪਰਕ ਕਰਨਾ ਚਾਹੀਦਾ ਹੈ ।ਸਾਰੇ ਸਰਕਾਰੀ ਹਸਪਤਾਲਾਂ ਵਿੱਚ ਡੈਗੂ ਦ ਟੇਸਟ ਅਤੇ ਇਲਾਜ ਬਿਲਕੁਲ ਮੁਫ਼ਤ ਕੀਤਾ ਜਾਂਦਾ ਹੈ। ਟੀਮ ਮੈਂਬਰ ਅਮਰੀਕ ਸਿੰਘ,ਹਰਜੀਤ ਸਿੰਘ, ਗੁਰਵਿੰਦਰ ਸਿੰਘ,ਜਸਵਿੰਦਰ ਸਿੰਘ,ਗੁਰਪ੍ਰੀਤ ਸਿੰਘ ਮ,ਪ,ਹ,ਵ (ਮ) ਹਾਜ਼ਰ ਸਨ।

# ਰਿਆਤ ਬਾਹਰਾ ਨਰਸਿੰਗ ਕਾਲਜ ਵਿਖੇ ਈ.ਬੀ.ਐਸ.ਸੀ.ਓ. ਈ-ਰੀਸੋਰਸਿਸ ਦੀ ਐਕਸੈਸਿਬਿਲਿਟੀ ਵਿਸ਼ੇ 'ਤੇ ਸਿਖਲਾਈ ਸੈਸ਼ਨ ਦਾ ਆਯੋਜਨ

**ਹੁਸ਼ਿਆਰਪੁਰ, 12 ਮਈ (ਆਵਾਜ਼ਿ ਕੌਮ ਬਿਊਰੋ)**-ਬਾਬਾ ਫਰੀਦ ਯੂਨੀਵਰਸਿਟੀ ਨੇ ਰਿਆਤ ਬਾਹਰਾ ਨਰਸਿੰਗ ਕਾਲਜ ਵਿਖੇ 'ਈ.ਬੀ. ਐਸ.ਸੀ.ਓ. ਈ- ਰੀਸੋਰਸਿਸ ਦੀ ਐਕਸੈਸਿਬਿਲਿਟੀ 'ਵਿਸ਼ੇ 'ਤੇ ਇੱਕ ਵਿਸ਼ੇਸ਼ ਸਿਖਲਾਈ ਸੈਸ਼ਨ ਦਾ ਆਯੋਜਨ ਕੀਤਾ। ਇਸ ਮੌਕੇ 'ਤੇ ਈ.ਬੀ.ਐਸ.ਸੀ.ਓ. ਇੰਚਾਰਜ ਰਿਤੇਸ਼ ਕੁਮਾਰ ਨੇ ਵਿਦਿਆਰਥੀਆਂ ਅਤੇ ਅਧਿਆਪਕਾਂ ਨੂੰ ਈ.ਬੀ.ਐਸ.ਸੀ.ਓ. ਈ- ਰੀਸੋਰਸਿਸ ਦੀ ਵਰਤੋਂ ਅਤੇ ਮਹੱਤਤਾ ਬਾਰੇ ਵਿਸਥਾਰਪੂਰਵਕ ਜਾਣਕਾਰੀ ਦਿੱਤੀ। ਉਨ੍ਹਾਂ ਕਿਹਾ ਕਿ ਇਹ ਸਿਖਲਾਈ ਸੈਸ਼ਨ ਵੱਖ-ਵੱਖ ਕਾਲਜਾਂ ਦੇ ਵਿਦਿਆਰਥੀਆਂ ਅਤੇ ਅਧਿਆਪਕਾਂ ਲਈ ਆਯੋਜਿਤ ਕੀਤਾ ਗਿਆ ਸੀ, ਤਾਂ ਜੋ ਉਹ ਖੋਜ ਅਤੇ ਅਧਿਐਨ ਲਈ ਔਨਲਾਈਨ ਸਰੋਤਾਂ ਦੀ ਬਿਹਤਰ ਵਰਤੋਂ ਕਰ ਸਕਣ।ਇਸ ਸੈਸ਼ਨ ਵਿੱਚ ਵੱਡੀ ਗਿਣਤੀ ਵਿੱਚ ਵਿਦਿਆਰਥੀ ਅਤੇ ਅਧਿਆਪਕ ਸ਼ਾਮਲ ਹੋਏ। ਰਿਆਤ ਬਾਹਰਾ ਨਰਸਿੰਗ ਕਾਲਜ ਦੀ ਪ੍ਰਿੰਸੀਪਲ ਡਾ. ਮੀਨਾਕਸ਼ੀ ਚੰਦ ਨੇ ਕਿਹਾ ਕਿ ਇਹ ਸੈਸ਼ਨ ਵਿਦਿਆਰਥੀਆਂ, ਅਧਿਆਪਕਾਂ ਅਤੇ ਖੋਜਕਰਤਾਵਾਂ ਲਈ ਬਹੁਤ ਜਾਣਕਾਰੀ ਭਰਪੂਰ, ਪ੍ਰੇਰਨਾਦਾਇਕ ਅਤੇ ਬਹੁਤ ਲਾਭਦਾਇਕ ਸੀ। ਇਸ ਮੌਕੇ ਰਿਆਤ ਬਾਹਰਾ ਨਰਸਿੰਗ ਕਾਲਜ, ਪਬਲਿਕ ਖਾਲਸਾ ਕਾਲਜ ਫਾਰ ਵੂਮੈਨ ਕੰਧਾਲਾ ਜੱਟਾਂ ਤੋਂ ਇਲਾਵਾ ਡਾ. ਗੁਰਸੇਵਾ ਕਾਲਜ ਆਫ਼ ਨਰਸਿੰਗ, ਨਸਰਾਲਾ; ਮਦਰ ਮੈਰੀ ਇੰਸਟੀਚਿਊਟ ਆਫ਼ ਨਰਸਿੰਗ, ਨਸਰਾਲਾ; ਸ਼੍ਰੀ ਗੁਰੂ ਰਾਮਦਾਸ ਕਾਲਜ ਆਫ਼ ਨਰਸਿੰਗ, ਹੁਸ਼ਿਆਰਪੁਰ; ਐੱਸ.ਟੀ. ਕਾਲਜ ਆਫ਼ ਨਰਸਿੰਗ ਐਂਡ ਮੈਡੀਕਲ ਸਾਇੰਸਜ਼, ਹੁਸ਼ਿਆਰਪੁਰ ਅਤੇ ਸਵਾਮੀ ਪਰਮਾਨੰਦ ਕਾਲਜ ਆਫ਼ ਨਰਸਿੰਗ, ਮੁਕੇਰੀਆਂ ਦੇ ਪ੍ਰਤੀਨਿਧੀਆਂ ਨੇ ਵੀ ਭਾਗ ਲਿਆ।

# 14 ਮਈ ਨੂੰ ਹੁਸ਼ਿਆਰਪੁਰ ਵਿਖੇ ਕਿਸਾਨਾਂ ਵੱਲੋਂ ਕੀਤਾ ਜਾਵੇਗਾ ਸ਼ਾਂਤੀ ਪ੍ਰੋਟੈਸਟ

**ਹੁਸ਼ਿਆਰਪੁਰ, 12 ਮਈ (ਆਵਾਜ਼ਿ ਕੌਮ ਬਿਊਰੋ )**-ਹਰਬੰਸ ਸਿੰਘ ਸੰਘਾ, ਮੈਂਬਰ ਐਸ.ਕੇ.ਐਮ ਨੇ ਪ੍ਰੈੱਸ ਨੂੰ ਜਾਣਕਾਰੀ ਦਿੰਦੇ ਹੋਏ ਕਿਹਾ ਕਿ ਸੰਯੁਕਤ ਕਿਸਾਨ ਮੋਰਚੇ ਦੇ ਸੱਦੇ ਤੇ ਹੁਸ਼ਿਆਰਪੁਰ ਵਿੱਚ ਕਿਸਾਨਾਂ ਵਲੋਂ ਜੰਗਵਾਜ ਤਾਕਤਾਂ ਦੇ ਖ਼ਿਲਾਫ਼ ਧਰਨਾ ਪ੍ਰਦਰਸ਼ਨ ਕੀਤਾ ਜਾਵੇਗਾ। ਜੰਗ ਕਿਸੇ ਮਸਲੇ ਦਾ ਹੱਲ ਨਹੀਂ ਹੁੰਦੀ ।ਜੰਗ ਦੀ ਭੱਠੀ ਵਿੱਚ ਦੋਨਾਂ ਪਾਸਿਆਂ ਨੂੰ ਝੋਕਿਆ ਜਾ ਰਿਹਾ ਹੈ। ਸੰਯੁਕਤ ਕਿਸਾਨ ਮੋਰਚਾ ਸ਼ਾਂਤੀ ਚਾਹੁੰਦਾ ਹੈ ਜੰਗ ਨਹੀਂ। ਦੋਨੋ ਦੇਸ਼ਾਂ ਦੀਆਂ ਸਰਕਾਰਾਂ ਲੋਕਾਂ ਦੇ ਮਸਲੇ ਹੱਲ ਕਰਨ ਦੇ ਬਜਾਏ, ਲੋਕਾਂ ਦੀਆਂ ਭਾਵਨਾਵਾਂ ਨੂੰ ਭੜਕਾ ਰਹੀਆਂ ਹਨ। ਲੋਕਾਂ ਨੂੰ ਸੁਚੇਤ ਹੋਣਾ ਚਾਹੀਦਾ ਹੈ। ਇਸ ਵਾਸਤੇ ਐਸ.ਕੇ.ਐਮ ਪੰਜਾਬ ਵੱਲੋਂ ਸਾਰੇ ਜ਼ਿਲਾ ਹੈਡਕੁਆਰਟਰਾਂ ਤੇ ਸ਼ਾਂਤੀ ਨਾਲ ਪਰੋਟੈਸਟ ਕੀਤੇ ਜਾ ਰਹੇ ਹਨ। ਇਸੇ ਸੱਦੇ ਉੱਤੇ ਹੁਸ਼ਿਆਰਪੁਰ ਵਿਖੇ 14 ਮਈ ਨੂੰ ਠੀਕ 11 ਵਜੇ ਸ਼ਹੀਦ ਉਧਮ ਸਿੰਘ ਪਾਰਕ ਵਿੱਚ ਇਕੱਠ ਕੀਤਾ ਜਾ ਰਿਹਾ ਹੈ।

# ਕੌਮਾਂਤਰੀ ਮਾਂ ਦਿਵਸ 'ਤੇ ਫੈਸ਼ਨ ਇਮਪਾਇਰ ਵੱਲੋਂ ਅੰਬਿਕਾ ਤੇ ਧਵਨ ਨਿਊਰੋਥਰੇਪੀ ਸੈਂਟਰ ਖਰੜ ਵੱਲੋਂ ਇੱਕ ਸ਼ਾਮ ਮਾਂ ਦੇ ਨਾਮ ਪ੍ਰੋਗਰਾਮ ਦਾ ਆਯੋਜਨ





**ਖਰੜ, 12 ਮਈ ( ਆਵਾਜ਼ਿ ਕੌਮ ਬਿਊਰੋ)**-ਕੌਮਾਂਤਰੀ ਮਾਂ ਦਿਵਸ 'ਤੇ ਫੈਸ਼ਨ ਇਮਪਾਇਰ ਵੱਲੋਂ ਅੰਬਿਕਾ ਤੇ ਧਵਨ ਨਿਊਰੋਥਰੇਪੀ ਸੈਂਟਰ ਖਰੜ ਵੱਲੋਂ "ਇੱਕ ਸ਼ਾਮ ਮਾਂ ਦੇ ਨਾਮ " ਪ੍ਰੋਗਰਾਮ ਦਾ ਆਯੋਜਨ ਕੀਤਾ ਗਿਆ। ਇਸ ਪ੍ਰੋਗਰਾਮ ਵਿੱਚ ਵਿਸ਼ੇਸ਼ ਤੌਰ ਤੇ ਛੋਟੇ ਦੇ ਵੱਡੇ ਪਰਦੇ ਦੀ ਅਦਾਕਾਰਾ ਪਰਵੀਨ ਬਾਣੀ ਤੇ ਉਹਨਾਂ ਦੇ ਨਾਲ ਨਿਰਦੇਸ਼ਕ ਤੇ ਅਦਾਕਾਰ ਜਸਬੀਰ ਗਿੱਲ ਵੱਲੋਂ ਵਿਸ਼ੇਸ਼ ਤੌਰ "ਤੇ ਸ਼ਿਰਕਤ ਕੀਤੀ। ਇਸ ਮੌਕੇ ਪਰਵੀਨ ਬਾਣੀ ਨੇ ਉਹਨਾਂ ਦੇ ਇਸ ਉਪਰਾਲੇ ਦੀ ਸਲਾਘਾਂ ਕਰਦਿਆਂ ਕਿਹਾ ਕਿ ਮੋਬਾਇਲ ਕਲਚਰ 'ਤੇ ਫੋਕੀ ਸ਼ੋਹਰਤ ਅੱਗੇ ਸਾਡੇ ਪਰਿਵਾਰਕ ਰਿਸ਼ਤੇ ਬੌਣੇ ਹੁੰਦੇ ਜਾ ਰਹੇ ਹਨ। ਇਕੱਠੇ ਬੈਠ ਕੇ ਦੁੱਖ ਸੁੱਖ ਸਾਂਝੇ ਕਰਨੇ ਬੀਤੇ ਸਮੇਂ ਦੀ ਗੱਲ ਬਣ ਗਿਆ ਜਿਸ ਨਾਲ ਸਾਡੇ ਰਿਸ਼ਿਤਆਂ ਅੰਦਰ ਤਣਾਅ ਵਧਦਾ ਜਾ ਰਿਹਾ ਹੈ ਜੋ ਕਿ ਸਮੇਂ ਅੰਦਰ ਰਿਸ਼ਿਤਆਂ ਨੂੰ ਸੰਭਾਲਣਾ ਸਾਡਾ ਮੁਢਲਾ ਫਰਜ਼ ਹੈ। ਇਸ ਮੌਕੇ ਨਿਰਦੇਸ਼ਕ ਤੇ ਅਦਾਕਾਰ ਜਸਵੀਰ ਗਿੱਲ ਨੇ ਬੋਲਦਿਆਂ ਕਿਹਾ ਕਿ ਉਸਨੂੰ ਇਸ ਪ੍ਰੋਗਰਾਮ ਵਿੱਚ ਸ਼ਾਮਿਲ ਹੋ ਕੇ ਬੇਹੱਦ ਖੁਸ਼ੀ ਹੋਈ ਹੈ।ਇਹੋ ਸਾਡੀ ਵਿਰਾਸਤ ਤੇ ਸੱਭਿਆਚਾਰ ਹੈ।ਸਾਨੂੰ ਆਪਣੇ ਬਜ਼ੁਰਗਾਂ ਦਾ ਸਤਿਕਾਰ ਕਰਨਾ ਚਾਹੀਦਾ ਹੈ।ਜੋ ਕਿ ਅੰਕਲ ਆਂਟੀ ਵਾਲੇ ਰਿਸ਼ਿਤਆਂ ਨੂੰ ਛੱਡ ਕੇ, ਰਿਸ਼ਿਤਆਂ ਨੂੰ ਰਿਸ਼ਤੇ ਹੀ ਬਣਾ ਕੇ ਰੱਖੀਏ ਇਹੋ ਸਾਡੀ ਵਿਰਾਸਤ ਹੈ। ਕੇਕ ਕੱਟਣ ਤੋਂ ਬਾਅਦ ਪ੍ਰੋਗਰਾਮ ਵਿੱਚ ਸ਼ਾਮਿਲ ਮਹਿਲਾਵਾਂ ਵੱਲੋਂ ਡਾਂਸ ਤੇ ਗਿੱਧੇ ਦੀ ਸਫਲ ਪੇਸ਼ਕਾਰੀ ਕੀਤੀ ਗਈ। ਬੇਹਤਰੀਨ ਪੇਸ਼ਕਾਰੀ ਵਿੱਚ ਚਰਨਜੀਤ ਕੌਰ, ਮੇਘਾ, ਰਾਧਿਕਾ ਅਤੇ ਰੁਪਿੰਦਰ ਕੌਰ ਨੂੰ ਚੁਣਿਆ ਗਿਆ। ਲੰਮੇ ਸਮੇਂ ਤੱਕ ਚੱਲੇ ਇਸ ਪ੍ਰੋਗਰਾਮ ਦੇ ਅੰਤ ਵਿੱਚ ਮੈਡਮ ਅੰਬਿਕਾ ਅਤੇ ਡਾਕਟਰ ਧਵਨ ਵੱਲੋ ਆਏ ਹੋਏ ਮਹਿਮਾਨਾਂ ਅਤੇ ਪ੍ਰੋਗਰਾਮ ਵਿੱਚ ਸ਼ਾਮਿਲ ਮਹਿਲਾਵਾਂ ਦਾ ਧੰਨਵਾਦ ਕੀਤਾ।